भारत सरकार
GOVERNMENT OF INDIA
राष्ट्रीय पुस्तकालय, कलकत्ता ।
NATIONAL LIBRARY, CALCUTTA.

वर्ग संख्या P
Class No. 891·4211
पुस्तक संख्या
Book No. V641 gu

रा० पु०/N.L.-38.

GMGIP (Pub. Unit), Sant.—S20—SCRL/85—16-12-85—75,000.

रा० पु०-44
N. L.-44

भारत सरकार
GOVERNMENT OF INDIA
राष्ट्रीय पुस्तकालय
NATIONAL LIBRARY
कलकत्ता
CALCUTTA

अंतिम अंकित दिनांक वाले दिन यह पुस्तक पुस्तकालय से ली गई थी । दो सप्ताह से अधिक समय तक पुस्तक रखने पर प्रतिदिन 6 पैसे की दर से विलम्ब शुल्क लिया जायगा ।

This book was taken from the Library on the date last stamped. A late fee of 6 P. will be charged for each day the book is kept beyond two weeks.

GMGIP (Pub. Unit),Sant.—S7—4LNL/80—20-8-80—250,000.

HIR VARIS SHAH

# ਹੀਰ ਵਾਰਸਸ਼ਾਹ

ਜਿਸਨੂੰ

ਰਾਇ ਸਾਹਿਬ ਮੁਨਸ਼ੀ ਗੁਲਾਬਸਿੰਘ
ਐਂਡ ਸਨਜ਼

ਮਾਲਕਾਨ ਪੰਜਾਬ ਸੈਂਟ੍ਰਲ ਬੁਕਡਿਪੋ

ਨੇ

ਆਪਣੇ ਮੁਫ਼ੀਦ ਆਮ ਪ੍ਰੈਸ ਲਾਹੌਰ ਵਿਚ ਰਾਇ
ਬਹਾਦਰ ਲਾਲਾ ਮੋਹਨ ਲਾਲ ਸਾਹਿਬ ਦੇ ਪ੍ਰਬੰਧ ਸੇ ਛਪਵਾਈ ॥

ਸੰਮਤ ਨਾਨਕ ਜੀ ੪੪੬

1915

SHELF LISTED

P
891.421
V 641gu

185
20/7/1915

ਤਗੁਰਪ੍ਰਸਾਦਿ ॥

[illegible] ਸੁਲਾਹ ਦਾ ਯਾਦਕੀਜੇ ਇਸ਼ਕਕੀਤਾਹੈ ਰਬ
ਰਸੂਲ ਮੀਆਂ ॥ ਪਹਿਲਾਂ ਇਸ਼ਕਹੀ ਰੱਬਨੇ ਆਪ ਕੀਤਾ ਤੇ
ਮਾਸ਼ੂਕਹੈ ਨਬੀ ਰਸੂਲ ਮੀਆਂ ॥ ਇਸ਼ਕ ਪੀਰ ਫ਼ਕੀਰ ਦਾ
ਮਰਤਬਾਹੈ ਮਰਦ ਇਸ਼ਕ ਦਾ ਭਲਾ ਰਸੂਲ ਮੀਆਂ ॥ ਖਿਲੇ
ਤਿਨ੍ਹਾਂ ਦੇ ਬਾਗ ਕਲਬੂਤ ਅੰਦਰ ਜਿਨ੍ਹਾਂ ਕੀਤਾ ਹੈ ਇਸ਼ਕ
ਕਬੂਲ ਮੀਆਂ ॥

॥ ਨਾਤ ਰਸੂਲ ਦੀ ॥

ਦੂਜੀ ਨਾਤ ਰਸੂਲ ਮਕਬੂਲ ਵਾਲੀ ਜੈਂਦੇ ਹੱਕ ਨਜ਼ੂਲ ਲਉਲਾਕ
ਕੀਤਾ ॥ ਖ਼ਾਕੀ ਆਖਕੇ ਮਰਤਬਾ ਵਡਾ ਦਿੱਤਾ ਸਾਰੀ ਖ਼ਲਕਦੇ
ਐਬ ਥੀਂ ਪਾਕ ਕੀਤਾ ॥ ਸਰਵਰ ਹੋਇਕੇ ਔਲੀਆਂ ਅੰਬੀਆਂ
ਦਾ ਅੱਗੇ ਹੱਕ ਦੇ ਆਪ ਨੂੰ ਖ਼ਾਕ ਕੀਤਾ ॥ ਕਰੇ ਉੱਮਤੀ
ਉੱਮਤੀ ਰੋਜ਼ ਕਿਆਮਤ ਖੁਸ਼ੀ ਛੱਡਕੇ ਜੀਉ ਗ਼ਮਨਾਕ ਕੀਤਾ ॥

॥ ਸਿਫ਼ਤ ਅਸਹਾਬ ॥

ਚਾਰੇ ਯਾਰ ਰਸੂਲ ਦੇ ਚਾਰ ਗੌਹਰ ਸਭੇ ਇੱਕ ਥੀਂ ਇੱਕ
ਚੜ੍ਹੰਦੜੇ ਨੀ ॥ ਅਬੂ ਬਕਰ ਤੇ ਉਮਰ ਅਸਮਾਨ ਅਲੀ ਆਪੋ
ਆਪਣੀ [illegible] ਸੁਹੰਦੜੇ ਨੀ ॥ ਜਿਨ੍ਹਾਂ ਸਿਦਕ ਯਕੀਨ
[illegible] ਦੇ ਸੀਸ ਵਿਕੰਦੜੇ ਨੀ ॥ ਜ਼ੌਕ ਛੱਡਕੇ

ਜਿਨ੍ਹਾਂ ਨੇ ਜੁਹਦ ਕੀਤਾ ਦਾ

॥ ਮਦਾਹ

ਮਦਾਹਪੀਰਦੀ ਹੁਬ ਦੇ ਨਾਲ
ਪੀਰੀਆਂ ਨੀ॥ਜੇੜ੍ਹੇ ਪੀਰਦੇ ਨੂਰੋਂ ਮ
ਦੇ ਮੀਰੀਆਂ ਪੀਰੀਆਂ ਨੀ॥ਰੰਜ ਹਸ਼ਰਦੇ ਪੀਰਦੇ
ਨੂੰ ਧੱਕੇ ਸੱਜੜੇ ਮਿਲਨਗੀਆਂ ਚੀਰੀਆਂਨੀ॥ਬਾਝੋਂ ਇਸ਼ਕ
ਜ਼ਿਨਾਬਦੇਪਾਰਨਾਹੀਂ ਲੱਖ ਛੂੜਦੇ ਫਿਰਨ ਫ਼ਕੀਰੀਆਂਨੀ॥

॥ ਇਸ਼ਕ ਪੀਰਾਂ ਦਾ ॥

ਮਸਹੂਰ ਦਾ ਲਾਡਲਾ ਪੀਰ ਚਿਸ਼ਤੀ ਸਕੂਰੀਜ ਸਮ ਦ
ਭਰਪੂਰ ਹੈ ਜੀ ॥ ਖ਼ਾਨਦਾਨ ਹੈ ਚਿਸ਼ਤੀ ਦਾ ਕਾਮਲੀਯਤ
ਸ਼ਹਿਰਅਕਲਦਾ ਪਟਨ ਮਸ਼ਹੂਰ ਹੈਜੀ॥ ਬਾਈ ਸੈਕਿਤਾਬ
ਵਿਚ ਪੀਰ ਕਾਮਲ ਜਿਸਦੀ ਆਜਜ਼ੀ ਜੁਹਦ ਮਨਜ਼ੂਰ
ਜੀ ॥ ਸ਼ਾਹਗੰਜਨੇ ਆਨ ਮਕਾਨ ਕੀਤਾ ਦੁੱਖਦਰਦ ਪੰਜਾਬ
ਦਾ ਦੂਰ ਹੈ ਜੀ ॥

॥ ਇਸ਼ਕਨੇਦਾਇ ॥

ਜਦੋਂ ਇਸ਼ਕਦੇ ਕੰਮਨੂੰ ਹਥਲਾਈਏ ਪਹਿਲੇ ਰੱਬਦਾ ਨਾਮ
ਧਿਆਈਏਜੀ॥ਯਾਰਾਂਅਸਾਂਨੂੰ ਆਨ ਸੁਆਲ ਕੀਤਾ ਇਸ਼ਕ
ਹੀਰਦਾਨਵਾਂਬਨਾਈਏਜੀ॥ਇਸਪ੍ਰੇਮਦੀ ਝੋਕਦਾ ਸਭ ਕਿੱਸਾ
ਜੀਭ ਸੋਹਣੀ ਨਾਲਸੁਣਾਈਏਜੀ॥ਨਾਲਯਾਰਾਂਦੇ ਮਜਲਸਾਂ
ਵਿੱਚ ਬਹਿਕੇ ਮਜ਼ਾ ਹੀਰ ਦੇ ਇ

ਅਜਬ ਬਹਾਰਦੇ ਸ਼ਿਹਰਕਰਕੇਰਾਂਝੇਹੀਰਦਾ ਮੇਲਕਰਾਈਏ ਜੀ ॥ ਹੁਕਮ ਮੰਨਕੇ ਪਿਆਰਿਆਂ ਸੱਜਣਾਂਦਾ ਕਿੱਸਾਅਜਬ ਬਹਾਰਦਾ ਜੋੜੀਏਜੀ ॥ ਫਿਕਰੇ ਜੋੜਕੇ ਖ਼ੂਬ ਦਰੁਸ੍ਤ ਕੀਜੇ ਨਵਾਂਫੁਲ ਗੁਲਾਬ ਦਾ ਤੋੜੀਏਜੀ॥ ਬਹੁਤ ਜੀਉ ਦੇ ਵਿਚ ਤਦਬੀਰ ਕਰਕੇ ਫ਼ਰਿਹਾਦਪਹਾੜਨੂੰ ਜੋੜੀਏਜੀ ॥ ਸੱਭੇਵੰਨ ਜਵਾਬਬਨਾਇ ਦਈਏ ਜੇਹਾ ਅਤਰਗੁਲਾਬਨਿਚੋੜੀਏਜੀ॥

॥ ਮਨਜ਼ੂਰੀ ਅਮਰ ਧਾਰਾਂ ॥

ਇੱਕ ਤਖ਼ਤ ਹਜ਼ਾਰਿਓਂ ਗੱਲ ਕੀਜੇ ਜਿੱਥੇ ਰਾਂਝਿਆਂ ਰੰਗ ਮਚਾਇਆਈ ॥ ਛੈਲ ਗੱਭਰੂ ਮਸਤ ਅਲਬੇਲੜੇਨੀ ਸੁੰਦਰ ਇੱਕਥੀਂ ਇੱਕ ਸਵਾਇਆਈ ॥ ਵਾਲੇ ਕੋਕਲੇ ਮੁੰਦਰੀ ਮੱਝ ਲੁੰਗੀ ਨਵਾਂਥਾਨ ਤੇ ਥਾਨ ਬਨਾਇਆਈ ॥ ਕਿੱਥੋਂ ਸਿਫ਼ਤ ਹਜ਼ਾਰੇਦੀ ਆਖਸੱਕਾਂਗੋਯਾਬਹਿਸ਼ਤ ਜ਼ਮੀਨਤੇ ਆਇਆਈ॥

॥ ਸਿਫ਼ਤ ਮੌਜੂ ਚੌਧਰੀ ਦੀ ॥

ਮੌਜੂ ਚੌਧਰੀ ਪਿੰਡਦੀਪੱਗਵਾਲਾਵੱਡੇ ਭਾਈਆਂਦਾਸਰਦਾਰ ਆਹਾ ॥ ਅੱਠ ਪੁਤ੍ਰਤੇਬੇਟੀਆਂ ਦੋ ਉਸਦੇਬੜੇ ਦਰਬਤੇਮਾਲ ਪਰਵਾਰ ਆਹਾ ॥ ਚੱਲੇ ਭਾਈਆਂ ਵਿੱਚ ਪਰਤੀਤ ਉਸਦੀ ਮੰਨਣਾ ਚੌਣਰੇਤੇਸਰਦਾਰਆਹਾ ॥ ਵਾਰਸਸ਼ਾਹਏਹੁਕੁਦਰਤਾਂ ਰੱਬਦੀਆਂ ਨੀ ਧੀਦੋ ਨਾਲ ਸੀ ਬਹੁਤ ਪਿਆਰ ਆਹਾ ॥

॥ ਅਦਾਵਤ ਭਰਾਵਰਾਨ ॥

ਬਾਪਕਰੇਪਯਾਰਤੇਵੈਰਭਾਈਡਰਹਾਂਪਿਓਦੇਥੋਂ ਪਏਸੰਗਦੇਨੀ ॥

ਗੁਝੇ ਮੇਹਣੇਮਾਰਦੇ ਸੱਪ ਵਾਂਗੂੰ ਉਸਦੇ ਕਾਲਜੇ ਨੂੰ ਪਏ ਛੇਕਦੇਨੀ ॥ ਕੋਈਵੱਸ ਨਾ ਚੱਲਦਾ ਕੱਢਦਿੰਦੇ ਦੇਦੇਮੇਹਣੇ ਰੰਗ ਬਰੰਗ ਦੇ ਨੀ ॥ ਵਾਰੇਸ਼ਾਹ ਹੁਣ ਗਰਜ਼ਹੈਬਹੁਤਸਾਰੀ ਹੋਰ ਸਾਕ ਨਾ ਸੈਣ ਤੇ ਅੰਗਦੇ ਨੀ ॥

॥ ਮੌਜੂ ਦਾ ਫੌਤ ਹੋਣਾ ॥

ਤਕਦੀਰ ਸੇਤੀ ਮੌਜੂਫੌਤਹੋਇਆ ਭਾਈਰਾਂਝੇਦੇਨਾਲਖਹੇੜਦੇਨੀ ॥ ਖਾਵੇ ਰੱਜਕੇਘੂਰਦਾ ਫਿਰੇਰੰਨਾਂ ਕੱਢਹਿੱਕਤਾਂ ਧੀਦੋ ਨੂੰ ਛੇੜਦੇਨੀ ॥ ਨਿੱਤ ਸੱਜਰਾ ਘਾਉ ਕਲੇਜੜੇ ਦਾ ਚੀਜ਼ਾਂ ਤ੍ਰਿਖੀਆਂਨਾਲਉਚੇੜਦੇਨੀ ॥ ਭਾਈ ਭਾਬੀਆਂ ਵੈਰਦੀਆਂ ਕਹਨ ਗੱਲਾਂ ਇਹੁ ਝੱਗੜਾ ਨਿੱਤ ਛਿੜਦੇ ਨੀ ॥

॥ ਵੰਡ ਜ਼ਮੀਨ ॥

ਹਜ਼ਰਤ ਕਾਜ਼ੀ ਤੇ ਪੈਂਚਸਦਾਇਸਾਰੇ ਭਾਈਆਂ ਜ਼ਿਮੀਨੂੰ ਕਛ ਕਰਾਈਆ ਹੀ ॥ ਵੱਢੀ ਦੇਇਕੇ ਜ਼ਿਮੀਦੇਖਰੇਮਾਲਕਬੰਜਰ ਜ਼ਿਮੀ ਰੰਝੇਟੇ ਨੂੰ ਆਈਆ ਹੀ ॥ ਕੱਛਮਾਰ ਸ਼ਰੀਕ ਮਖੌਲ ਕਰਦੇ ਭਾਈਆਂ ਰਾਂਝੇ ਦੀ ਬਾਤ ਬਨਾਈਆ ਹੀ ॥ ਗੱਲ ਭਾਬੀਆਂਏਹਬਣਾਛੱਡੀ ਮਗਰਜੱਟਦੇ ਫਕੜੀਲਾਈਆਹੀ ॥

॥ ਤਾਨੇ ਭਾਬੀਆਂ ॥

ਪਿੰਡਾ ਰੱਖਕੇ ਸ਼ੀਸ਼ਿਆਂ ਨਾਲ ਦੇਖਨ ਤਿਨ੍ਹਾਂ ਵਾਹਿਆਂ ਕੀ ਹਲ ਵਾਹਨਾਈਂ ॥ ਪਿੰਡਾਪਾਲਦੇਧੁੱਪਛੱਪਦੇਜਿਨ੍ਹਾਂਕਿਸੇਰੰਨ ਦੀ ਏਸਨੂੰ ਚਾਹਨਾਈਂ ॥ ਜਿਨ੍ਹਾਂ ਭੂਈਂ ਦੇਝਗੜੇ ਕਰੇਮੁੰਡਾ

ਸ ਮੂਲ ਨਾ ਭੇੜ ਨਿਬਾਹਵਨਾਈਂ ॥ ਫਿਰੇ ਵੰਝਲੀ ਵਾਹਰ ਤੇ ਨਾਲ ਗਾਵੇ ਕੋਈ ਰੋਜ਼ ਦਾ ਫੇਰ ਪਰਾਹੁਣਾਈਂ ॥

॥ ਕਲਾਮ ਸ਼ਾਇਰ ॥

ਅਗਲੀ ਹੋਈ ਸਵੇਰ ਤਾਂ ਉਠ ਰਾਂਝਾ ਹਲ ਵਾਹਿਣੇ ਨੂੰ ਬਾਹਰ ਜਾਂਵਦਾਈ ॥ ਰਾਂਝਾ ਜੋਤ੍ਰਾ ਵਾਹਿ ਕੇ ਥਕ ਪਿਆ ਲਾਹ ਅਰਲੀਆਂ ਛਾਉਂ ਨੂੰ ਆਂਵਦਾਈ ॥ ਭੱਤਾ ਆਣ ਕੇ ਭਾਬੀਆਂ ਕੋਲ ਧਰਿਆ ਹਾਲ ਆਪਣਾ ਮੋਲ ਦਿਖਾਂਵਦਾਈ ॥ ਛਾਲੇ ਪਏ ਤੇ ਹੱਥ ਤੇ ਪੈਰ ਪਾਟੇ ਸਾਨੂੰ ਵਾਹੀ ਦਾ ਕੰਮ ਨਾ ਆਂਵਦਾਈ ॥ ਭਾਬੀ ਆਖਿਆ ਲਾਡਲਾ ਬਾਪ ਦਾ ਸੈਂ ਅਤੇ ਖਰਾ ਪਿਆਰੜਾ ਮਾਉਂ ਦਾਈ ॥

॥ ਕਲਾਮ ਰਾਂਝਾ ॥

ਰਾਂਝੇ ਆਖਿਆ ਭਾਬੀਓ ਵੈਰਨੋਨੀ ਸੱਕੇ ਭਾਈਆਂ ਦੇ ਨਾਲੋਂ ਵਿਛੋੜਿਓ ਜੇ ॥ ਖੁਸ਼ੀ ਰੂਹ ਨੂੰ ਬਹੁਤ ਦਲਗੀਰ ਕੀਤਾ ਤੁਸਾਂ ਫੁਲ ਗੁਲਾਬ ਦਾ ਤੋੜਿਓ ਜੇ ॥ ਸੱਕੇ ਭਾਈਆਂ ਨਾਲੋਂ ਵਿਛੋੜ ਮੈਨੂੰ ਕੰਡਾ ਵਿਚ ਕਲੇਜੇ ਦੇ ਪੋੜਿਓ ਜੇ ॥ ਭਾਈ ਜਿਗਰ ਤੇ ਜਾਨ ਸਾਂ ਅਸੀਂ ਅਠੇ ਵਖੋ ਵੱਖ ਹੀ ਤੁਸਾਂ ਵਿਛੋੜਿਓ ਜੇ ॥ ਨਾਲ ਵੈਰ ਦੇ ਅੱਖੀਆਂ ਕੱਢ ਭਾਬੀ ਸਾਨੂੰ ਮੇਹਣਿਆਂ ਨਾਲ ਚਰੋੜਿਓ ਜੇ ॥ ਜਦੋਂ ਸਜ਼ਾ ਹੋ ਤੁਰਨਗੇ ਤਰਫ ਜੰਨਤ ਵਾਰਸ ਸ਼ਾਹ ਦੀ ਵਾਗ ਨ ਮੋੜਿਓ ਜੇ ॥

॥ ਕਲਾਮ ਭਾਬੀਆਂ ॥

ਕਰੇਂ ਆਕੜਾਂ ਖਾਇ ਕੇ ਦੁਧ ਚਾਵਲ ਰੱਜ ਖਾਵਣੇ ਦੀ ਸਭ

ਮਸਤੀਆਂਵੇ ॥ ਅਸੀਂ ਦੇਵਰਾਂਨਾਲ ਨਿਹਾਲ ਹੋਈਆਂ ਸਾਨੂੰ ਸਭ ਸ਼ਰੀਕਨਾਂ ਹਸਦੀਆਂ ਵੇ ॥ ਆਖਨਰਾਂਝੇ ਦੇਨਾਲਹਨ ਘਿਉ ਖਿਚੜੀ ਪਰ ਜੀਉਦਾਭੇਦ ਨ ਦਸਦੀਆਂਵੇ ॥ ਇਕ ਤੂਹੀਂਕਲੰਕਹੈਂ ਅਸਾਂਲਗਾ ਹੋਰਸਭ ਸੁਖਾਲੀਆਂ ਵਸਦੀਆਂ ਵੇ ॥ ਰੰਨਾਂ ਭਿੜਦੀਆਂ ਵੇਖਕੇ ਮੂੰਹਮੁੰਡਾ ਜਿਵੇਂ ਸ਼ਹਿਦਵਿਚ ਮੱਖੀਆਂ ਫਸਦੀਆਂ ਵੇ ॥ ਘਰੋਂ ਨਿਕਲੇਂ ਤੇ ਪਿਆਮਰੇਂ ਭੁੱਖਾ ਭੁਲ ਜਾਨ ਤੈਨੂੰ ਸਭੇਮਸਤੀਆਂਵੇ ॥ ਵਾਰਸ ਰਾਂਝੇਦੇ ਨਾਲ ਹਨ ਘਿਓ ਸ਼ੱਕਰ ਪਰ ਜੀਉਂਦਾ ਭੇਤ ਨ ਦਸਦੀਆਂ ਵੇ ॥

॥ ਕਲਾਮ ਰਾਂਝਾ ॥

ਤੁਸਾਂ ਛਤਰੇਮਰਦ ਬਨਾਵਿਤੇਸੱਪ ਰੱਸੀਆਂ ਦੇ ਕਰੋਂਡਾਰੀਓ ਨੀ ॥ ਰਾਜੇਭੋਜਦੇ ਮੂੰਹ ਲਗਾਮ ਦੇਕੇ ਚੜ੍ਹ ਦੌੜੀਆਂਹੋਤੂਨੇ ਹਾਰੀਓਨੀ ॥ ਕੈਰੋ ਪਾਂਡਵਾਂਦੀ ਸਫਾ ਗਾਲਸੁੱਟੀ ਜ਼ਰਾਗੱਲ ਦੇ ਨਾਲਹੈਂ ਸਿਆਰੀਓਨੀ ॥ ਰਾਵਣ ਲੰਕ ਲੁਟਾਇਕੇ ਗਰਦ ਹੋਇਆ ਕਾਰੇ ਤੁਸਾਂ ਦੇ ਹੈਨ ਹਤਿਆਰੀਓਨੀ ॥

॥ ਕਲਾਮ ਭਰਜਾਈਆਂ ॥

ਭਾਬੀ ਆਖਿਆ ਗੁੰਡਿਆ ਮੁੰਡਿਆ ਵੇ ਅਸਾਂ ਨਾਲ ਕੀ ਲਿਕੜਾਂਲਾਈਆਂ ਨੀ ॥ ਦਲੀਜੇਠਤੇ ਜਿਨ੍ਹਾਂ ਦੇ ਛਤ੍ਰਦੇਵਰ ਡੁਬਮੋਈਆਂ ਓਹ ਭਰਜਾਈਆਂਨੀ ॥ ਘਰ ਬਾਰ ਵਿਸਾਰ ਖੁਆਰਹੋਈਆਂ ਛੋਕਾਂਪ੍ਰੇਮਦੀਆਂਜਿਨਾਂਨੂੰਲਾਈਆਂਨੀ ॥ ਘਰੋਂ ਘਰੀਵਿਚਾਰਦੇਲੋਕਸਾਰੇਸਾਨੂੰਕੇਹੀਆਂਪਾਈਆਂਫਾਹੀਆਂਨੀ

॥ ਤੇਰੀ ਗੱਲ ਨਾ ਬਨੇਗੀ ਨਾਲ ਸਾਡੇ ਵਿਆਹ ਲਿਆਏ ਸਿਆਲਾਂ ਦੀਆਂ ਜਾਈਆਂਨੀ ॥ ਵਾਰਸਸ਼ਾਹ ਨਾ ਰਹਿੰਦੇਨੀ ਮੂਲ ਚੋਬਰ ਗਲੀਂ ਜਿਨਾਂ ਦੇਪੈਂਦੀਆਂਵਾਹੀਆਂ ਨੀ ॥

॥ ਕਲਾਮ ਰਾਂਝਾ ॥

ਮੂੰਹ ਬੁਰਾਦਿਮੈਂਦੜਾਭਾਬੀਏਨੀਸੜੇਹੋਏ ਪਤੰਗਕਨੋਂ ਸਾੜਨੀ ਹੈਂ ॥ ਤੇਰੇਗੋਚਰਾਕੰਮਕੀ ਪਿਆ ਮੇਰਾ ਸਾਨੂੰਬੋਲੀਆਂਨਾਲ ਕੀ ਮਾਰਨੀਹੈਂ ॥ ਉਤੇ ਚਾੜਕੇ ਪੌੜੀਆਂ ਲਾਹ ਸਿਟੋ ਕਰੋ ਗੱਲਾਂ ਦੇ ਮਹਿਲ ਉਸਾਰਨੀਹੈਂ ॥ ਅਸਾਂ ਨਾਲ ਕੀ ਮਾਮਲਾ ਪਿਆ ਤੇਰਾ ਕਾਹਨੂੰ ਕੂੜ ਦੇ ਸੁਖਨ ਉਚਾਰਨੀ ਹੈਂ ॥

॥ ਕਲਾਮ ਭਾਬੀਆਂ ॥

ਸਿਧਾ ਹੋਇਕੇ ਰੋਟੀਆਂ ਖਾਹਿ ਜੱਟਾ ਐਵੇਂ ਕਾਸ ਨੂੰਏਡੀਆਂ ਚਾਈਆਂਵੇ ॥ ਤੇਰੀਪਨਘਟਾਂਦੇਵਿਚਡੌਂਡਪੈਂਦੀਧੁੰਮਾਂਤ੍ਰਿੰਞਣਾਂ ਦੇ ਵਿਚਪਾਈਆਂਵੇ ॥ ਘਰਬਾਰ ਵਿਸਾਰ ਖੁਆਰ ਹੋਈਆਂ ਏਹਾਂ ਜਿਨਾਂ ਨੂੰ ਪ੍ਰੇਮ ਨੇ ਲਾਈਆਂ ਵੇ ॥ ਜ਼ੁਲਫ਼ਾਂ ਕਾਲੀਆਂ ਕੁੰਡਲਾਂ ਵਾਲੀਆਂਨੀ ਏਹਦਾਂ ਹਿਕ ਤੇ ਆਨ ਬਹਾਈਆਂਵੇ ॥ ਵਾਰਸਸ਼ਾਹ ਹੈ ਜਿਨਾਂ ਦਾ ਚੰਦਚੇਹਰਾ ਘੋਲ ਘਤੀਆਂ ਸਭ ਭਰਜਾਈਆਂ ਵੇ ॥

॥ ਕਲਾਮ ਭਾਬੀਆਂ ॥

ਅਨਖੇਲਿਆ ਅਹਿਲਦੀਵਾਨਿਆਂਵੇ ਬੁਰਾਂ ਮੋੜਿਆ ਤੋਂ ਕਜੋਂ ਸੱਟਨਾ ਹੈਂ ॥ ਚੀਰੇਬੰਨਕੇ ਛੈਲ ਬਣਕੇ ਵਾਲਚੋਪੜ ਫਿਰੇਂ ਜਿਨ੍ਹਾਂ

ਵੈਰੀਆਂ ਖੱਫਨਾਹੀਂ ॥ ਰੋਟੀਖਾਂਦਿਆਂ ਲੂਣ ਸੇਪ ਵੇਖੇਂ ਫਜ਼ਾਇ
ਸ਼ੀਸ਼ਦੋਦੇ ਵਿਚ ਸੱਟਨਾ ਹੈਂ ॥ ਕੰਮ ਕਰੇਂ ਨਾਹੀਂ ਹਜ਼ਾ ਖਾਇ
ਪਹਿਨੇਂ ਜ਼ਰਾਂ ਆਪਨੇ ਆਪ ਵ੍ਹੀਆਂ ਖੱਟਨਾ ਹੈਂ ॥

॥ ਕਲਾਮ ਰਾਂਝਾ ॥

ਜ਼ੁਲਫ਼ਾਂ ਏਹਾਂ ਵਲੇ ਹਾਂ ਆਨ ਵੇਹੜੇ ਮੇਲਾ ਫਬਸੁਲੇ ਭਾਰੀਏ
ਵਾਸਤਾਈ ॥ ਨਵੇਂ ਤੇਰਿਓਂ ਦੇਸਮੈਂ ਫਬਜਾਸਾਂ ਰਖੀਂ ਦੇਸਤੂ
ਆਪਣਾ ਵਾਸਤਾਈ ॥ ਦਿਨੇ ਰਾਤ ਤੂੰ ਜ਼ੁਲਮ ਹੈਕਰ ਬੱਧਾ
ਮੁੰਜੀਂ ਰੂਪ ਸ਼ਿੰਗਾਰੀਏ ਵਾਸਤਾਈ ॥ ਨਾਲ ਹੁਸਨਦੇ ਫਿਰੇਂ
ਗੁਮਾਨ ਨਾਲ ਦੀਸਮਝਮਸਤ ਹੰਕਾਰੀਏ ਵਾਸਤਾਈ॥ ਦਾਰੋ ਸ਼ਾਹ ਨੂੰ
ਮਾਰਨਾ ਬਾਗ ਭਰੀਏ ਅਨੀ ਮੁਨਸਫ਼ੀ ਪਜਾਰੀਏ ਵਾਸਤਾਈ ॥

॥ ਕਲਾਮ ਭਾਬੀਆਂ ॥

ਸ਼ਾਹ ਹੁਸਨ ਪਸੰਦ ਨਹਿਲਿਆਵਨਾਂ ਹੈਂ ਸ਼ਾਹੀ ਰਸਜਾ ਨਾਲ ਦੀ ਵਜਾਹ
ਲਫਾਈ ॥ ਵਾਹ ਵੰਝਲੀ ਪ੍ਰੇਮ ਦੀ ਖਤਜਾਨੀ ਕਾਈ ਨੱਢਜ਼ੀ
ਸਜਾਲਾਂ ਦੀ ਫਾਹਲ ਜਾਈਂ ॥ ਤੈਨੂੰ ਵਲ ਹੈ ਰੰਨ ਵਲਾਵਣੇ ਦਾ
ਰਾਣੀ ਕੋਕਲਾਂ ਮਹਿਲਤੋਂ ਲਾਹਲਿਆਈਂ ॥ ਵਿਨੇ ਬੂਹਿਓਂ
ਲੱਭ ਨੀ ਮਿਲੇ ਨਾਹੀਂ ਰਾਣੀ ਕੰਧ ਪਿਛਵਾੜੇ ਦੀ ਵਾਹਲ ਜਾਈਂ ॥

॥ ਕਲਾਮ ਰਾਂਝਾ ॥

ਨੱਢੀ ਸਯਾਲ ਦੀ ਵਜਾਹ ਕੇ ਲਜਾਂ ਵਸਾਂ ਅੰਕ ਹੋ ਬੋਲੀਆਂ ਅਤੇ
ਨਬੋਲੀਆਂ ਨੀ ॥ ਬਹੇ ਖੱਤ ਪੀੜ੍ਹਾਂ ਆਮਹਿ ਹੀਆਂ ਦੇ ਅਗੇ
ਭੁਜਾਸੇ ਦੀਆਂ ਹੋਨ ਟੋਲੀਆਂ ਨੀ ॥ ਦਹੀਆਂ ਵਿੱਚ ਰਾਹੋਂ ਸ਼ੀਏ

ਭਾਬੀਆਂ ਨੂੰ ਹੋਣ ਤੁਸਾਂ ਜੇਹੀਆਂ ਬਹੁਤ ਬੋਲੀਆਂ ਨੀ ॥ ਕਿਸ ਕਾਰੇ ਭਾਬੀ ਅਸੀ ਰਖਰਹੇ ਬਹੁਤ ਵਿਣੀਆਂ ਜੇ ਤੁਸਾਂ ਫੈਲੀਆਂ ਨੀ ॥

॥ ਕਲਾਮ ਭਾਬੀਆਂ ॥

ਕੇਹੀ ਭੀੜ ਮਚਾਈ ਊ ਵਿਸੀ ਕੱਢਿਆ ਦੇ ਮੱਥਾ ਡਾਹਿਓ ਸੌਕਣਾਂ ਵਾਂਗ ਕੇਹਾ ॥ ਜਾਹ ਸਜਰਾ ਕੰਮ ਗਵਾ ਨਾਹੀਂ ਹੋਇ ਜਾਸੀਆ ਜੋਬਨਾ ਫੇਰ ਬੇਹਾ ॥ ਰਾਂਝੇ ਖਾ ਗੁੱਸਾ ਸਿਰ ਧੌਲ ਮਾਰੀ ਏਵੇਂ ਭੈੜੀਏ ਉੱਨ ਨੂੰ ਜਿਵੇਂ ਲੋਹਾ ॥ ਤੁਸੀ ਵੇਸ ਰੱਖੋ ਅਸੀ ਛੱਡ ਚਲੇ ਤੈਨੂੰ ਭਾਵਣਾ ਭਾਬੀਏ ਖੈਨੂ ਕੇਹਾ ॥ ਚਸ਼ਮ ਪਕੜਕੇ ਜੁੱਤੀਆਂ ਮਾਰ ਬੁਕਲ ਰਾਂਝਾ ਹੋਇ ਤੁਰਿਆ ਵਾਰਸਸ਼ਾਹ ਜੇਹਾ॥

॥ ਕਲਾਮ ਸ਼ਾਇਰ ॥

ਖਬਰ ਭਾਈਆਂ ਨੂੰ ਲੋਕਾਂ ਨੇ ਜਾ ਦਿੱਤੀ ਰਾਂਝਾ ਉਠ ਹਜ਼ਾਰਿਓਂ ਚਲਿਆ ਜੇ॥ ਹਲ ਵਾਹਣਾ ਉਸ ਤੋਂ ਹੋਇ ਨਾਹੀਂ ਮਾਰ ਬੋਲੀਆਂ ਭਾਬੀਆਂ ਘਲਿਆ ਜੇ॥ ਪਕੜ ਰਾਹ ਤੁਰਿਆ ਹੰਝੂ ਨੈਣ ਰੋਵੇ ਜਿਵੇਂ ਨਦੀ ਤੋਂ ਨੀਰ ਉਛਲਿਆ ਜੇ ॥ ਅਗੋਂ ਵੀਰ ਦੇ ਵਾਸਤੇ ਭਾਈਆਂ ਨੇ ਅੱਧਵਾਟਿਓਂ ਰਾਹ ਜਾ ਮਲਿਆ ਜੇ ॥

॥ ਕਲਾਮ ਸ਼ਾਇਰ ॥

ਰੂਹ ਛੱਡ ਕਲਬੂਤ ਜਿਉਂ ਵਿਦਾ ਹੁੰਦਾ ਤਿਵੇਂ ਏਹ ਦਰਵੇਸ਼ ਸਿਧਾਰਿਆ ਈ ॥ ਮਿਲ ਪਾਣੀ ਹਜ਼ਾਰੇ ਦਾ ਕਸਮ ਕਰਕੇ ਰਾਹ ਝੰਗ ਸਿਆਲ ਦਾ ਧਾਰਿਆ ਈ ॥ ਕੀਤਾ ਰਿਜ਼ਕ ਨੇ ਅੰਨ ਉਦਾਸ ਰਾਂਝਾ ਕਲੋਂ ਰਕੀਬਾਂ ਮੂੰਹੋਂ ਪੁਕਾਰਿਆ ਈ॥ [illegible]

ਮਾਰਕੇ ਵਿਦਾ ਹੋਇਆ ਵਾਰਸ ਵਤਨਤੇ ਦੇਸਵਸਾਰਿਆਈ॥

॥ ਕਲਾਮ ਭਾਈਆਂ ॥

ਆਖ ਰਾਂਝਿਆ ਭਾ ਕੀ ਬਨੀ ਤੇਰੇ ਦੇਸਅਪਨਾ ਛਡ ਸਿਧਾਰ
ਨਾਹੀਂ ॥ ਵੀਰ ਅੰਬੜੀ ਜਾਇਆ ਜਾਹ ਨਾਹੀਂ ਸਾਨੂੰ ਨਾਲ
ਫ਼ਿਰਾਕ ਦੇ ਮਾਰ ਨਾਹੀਂ॥ਓਹ ਭਾਬੀਆਂ ਅਸੀਹਾਂਵੀਰ ਤੇਰੇ
ਕੋਈ ਹੋਰ ਵਿਚਾਰ ਵਿਕਾਰ ਨਾਹੀਂ ॥ ਬਖਸ਼ ਦੇਹ ਗੁਨਾਹਤੂੰ
ਭਾਬੀਆਂਦਾ ਕੌਨਜੰਮਿਆਜੋਗੁਨਾਹਗਾਰ ਨਾਹੀਂ॥ ਭਾਈਆਂ
ਬਾਝਨਾਮਜਲਸਾਂ ਸੋਹਿੰਦੀਆਂਨੀ ਅਤੇਭਾਈਆਂਬਾਝਬਹਾਰ
ਨਾਹੀਂ ॥ ਭਾਈ ਮਰਨਤੇਪੈਂਦੀਆਂਭਜਬਾਹੀਂਬਿਨਾਂਭਾਈਆਂ
ਦੇ ਪਰਵਾਰ ਨਾਹੀਂ॥ਲਖ ਓਟਹੈ ਕੋਲ ਵਸੰਦਿਆਂਦੀਭਾਈ
ਗਏ ਜੇਡੀਕੋਈ ਹਾਰ ਨਾਹੀਂ॥ਭਾਈ ਢਾਹੁੰਦੇਭਾਈਉਸਾਰਦੇ
ਨੀਭਾਈਆਂਬਾਝ ਬੇਲੀਕੋਈ ਯਾਰਨਾਹੀਂ ॥ ਭਾਲਿਆਂਵਿਚ
ਦੀਆਂ ਲਖਕੁਸ਼ਾਮਦਾਂਨੀਤੇਗਰੀਬਦਾਕੋਈ ਗ਼ਮਖ਼ਾਰਨਾਹੀਂ
॥ ਇਕੱਲੇ ਭਾਈਆਂਨੂੰਲੋਕ ਮਾਰਦੇਨੇ ਬਾਹਾਂ ਵਾਲਿਆਂਦੀ
ਕੋਈ ਸਾਰ ਨਾਹੀਂ॥ਜਿੱਥੇਆਪਣੇਹੋਣ ਅਠਭਾਈ ਉਸਦੇ
ਜੇਡੀਭਾਂਜਗ ਬਹਾਰ ਨਾਹੀਂ॥ ਵਾਰਸਸ਼ਾਹ ਮੀਆਂ ਬਿਨਾਂ
ਭਾਈਆਂ ਦੇਸਾਨੂੰ ਜੀਵਣਾਂ ਜਗ ਦਰਕਾਰ ਨਾਹੀਂ ॥

॥ ਕਲਾਮਰਾਂਝਾ ॥

ਰਾਂਝੇਆਖਿਆ ਰਿਜ਼ਕਲੈਚਲਿਆ ਜੇ ਮੈਂਕੋਂਭਾਈਓਭੁਸੀਕੀ
ਮੰਗਦੇਹੋ॥ਵਿਛਲਿਆ ਜੇ ਬਾਪਦਾ ਮਿਲਖ ਸਾਰਾ ਤੁਸੀ ਸਾਕ

ਨਾ ਸੈਨ ਤੇ ਅੰਗਵੇਹੋ॥ ਜੇਕਰ ਵੱਸਲਗੇ ਤਾਂ ਮਨਸੂਰ ਵਾਂਗੂੰ ਮੈਨੂੰ ਚਾਇ ਸੂਲੀ ਉਤੇ ਟੰਗਦੇਹੋ॥ ਵਿਚੋਂ ਹੋਵੇ ਖੁਸ਼ੀ ਮੇਰੇ ਨਿਕਲਨੇ ਤੇ ਗੱਲ ਆਖਦੇ ਮੂੰਹੋਂ ਨਾ ਸੰਗਦੇ ਹੋ॥

॥ ਕਲਾਮ ਭਾਬੀਆਂ ॥

ਭਰਜਾਈਆਂ ਆਖਿਆ ਰਾਂਝਣੇ ਨੂੰ ਅਸੀ ਬੰਦੀਆਂ ਤੇਰੀਆਂ ਹੋਨੀਆਂ ਵੇ॥ ਜਾਨਮਾਲ ਕੁਰਬਾਨ ਹੈ ਤੁਧ ਉੱਤੋਂ ਅਤੇ ਆਪ ਭੀ ਵੇਖਣੇ ਹੋਨੀਆਂ ਵੇ॥ ਸਾਨੂੰ ਸਬਰ ਕਰਾਰ ਨਾ ਆਂਵਦਾ ਹੈ ਜਿਸ ਵੇਲੇ ਦੀਆਂ ਤੈਥੋਂ ਵਿਹੂਨੀਆਂ ਵੇ॥ ਨਾਉਂ ਲਿਆ ਹੈ ਜਦੋਂ ਤੂੰ ਜਾਵਣੇ ਦਾ ਅਸੀ ਰੱਤ ਦੀਆਂ ਹੰਝੂ ਰੂਨੀਆਂ ਵੇ॥

॥ ਕਲਾਮ ਰਾਂਝਾ ॥

ਭਾਬੀ ਰਿਜ਼ਕ ਜਾਂ ਉਠ ਉਦਾਸ ਹੁਰਿਆ ਤੁਸੀ ਕਾਸਨੂੰ ਘੇਰਕੇ ਠਗਦੀਆਂ ਹੋ॥ ਪਹਿਲੋਂ ਸਾੜਕੇ ਜੀਉ ਨਿਮਾਨੜੇ ਦਾ ਫੇਰ ਭੁਲੀਆਂ ਲਾਵਨੇ ਲਗਦੀਆਂ ਹੋ॥ ਭਾਈ ਜਿਗਰ ਹੈ ਸਨ ਤੁਸਾਂ ਵੇਖ ਕਾਤੇ ਤੁਸੀ ਸਾਕ ਕੀ ਮਾਡੀਆਂ ਲਗਦੀਆਂ ਹੋ॥ ਅਸੀ ਛੇੜਕੇ ਰੁਖਕ ਪਵਾਲੇ ਤੁਸੀ ਜੋਬਨੇ ਦੀ ਨੈਂ ਵਗਦੀਆਂ ਹੋ॥ ਅਸਾਂ ਤੁਆਮ ਤੇ ਆਬ ਹਰਾਮ ਕੀਤਾ ਤੁਸੀ ਜਗ ਸਾਰੇ ਦੀਆਂ ਠਗਦੀਆਂ ਹੋ॥ ਵਾਰਸ ਸ਼ਾਹ ਇਕਲੜਾ ਕਰਾਂ ਕੀ ਮੈਂ ਤੁਸੀ ਸੌਤ ਅਕੱਠੀਆਂ ਵਗਦੀਆਂ ਹੋ॥

॥ ਕਲਾਮ ਸ਼ਾਇਰ ॥

ਵਾਹ ਲਾਇ ਰਹੇ ਭਾਈ ਭਾਬੀਆਂ ਭੀ ਰਾਂਝਾ ਉਠ ਹਜਾਰਿਓਂ

ਧਾਇਆਈ ॥ ਭੁਖ ਨੰਗਨੂੰ ਮਾਰਕੇ ਪੰਧਕਰਦਾ ਰਾਤ ਵਿੱਚ ਮਸੀਤ ਦੇ ਆਇਆਈ ॥ ਹਕਵੰਞਲੀਪਕੜਕੇ ਰਾਹੁ ਅੱਧੀ ਰੱਖੇ ਮਜ਼ਾ ਤੇ ਖ਼ੂਬਧਨਾਇਆਈ ॥ ਰੰਨਮੁੰਡਾਨਾਂਪਿੰਡਵਿੱਚ ਰਹਿਆਕੋਈ ਸਭੇਪਾਸਮਸੀਤਦੇਆਇਆਈ ॥ ਵਾਰਸਸ਼ਾਹ ਮੀਆਂਪਿੰਡਵਰਗ ਫ਼ਿਆਂਦੀਪਿੱਛੋਂ ਮੁਲਾਂਮਸੀਤਦਾਆਇਆਈ ॥

॥ ਤਾਰੀਫ ਮਸਜਦ ਦੀ ॥

ਮਸਜਦ ਬੈਤੁਲ ਅਤੀਕ ਮਸਾਲਆਹੀ ਖਾਨੇਕਾਬਿਓਂ ਡੌਲ ਉਤਾਰੀਆਨੇ ॥ ਗੋਯਾਅਕਸਾਦੇਨਾਲਦੀਭੈਣਦੂਜੀ ਸ਼ਾਇਦ ਸੰਦਲੋਂ ਨੂਰ ਉਸਾਰੀਆ ਨੇ ॥ ਤਾਲਬਿਲਮੀਜ਼ਾਨ ਤੇ ਸਰਫ਼ ਖਿਹਾਈਸਰਫਮੀਹਬੀਯਾਦਪੁਕਾਰੀਆਨੇ ॥ ਪੜ੍ਹਨਫ਼ਾਜਲ ਫੁਰਸ਼ ਦਰਵੇਸ਼ਮੁਫ਼ਤੀਖ਼ੂਬਕਾਫ਼ਇਲਹਾਨਪੁਕਾਰੀਆ ਨੇ॥

॥ ਨਾਮ ਅਰਬੀ ਕਿਤਾਬਾਂ ਦੇ ॥

ਕਾਜ਼ੀਕੁਤਬਤੇਕਨਜ਼ਅਨਵਾਬਾਰਾਂਮਸਊਦਦੀਆਂ ਜਿਲਦਾਂ ਸਵਾਰੀਆਂਨੇ ॥ ਖਾਨੀ ਨਾਲ ਮਜ਼ਮੂਆ ਸੁਲਤਾਨੀਆਂ ਦੇ ਅਤੇ ਹੈਰਤੁਲਫ਼ਿਕਾ ਨਿਵਾਰੀਆਂ ਨੇ ॥ ਫ਼ਤਵਾ ਬਰਾਹਿਨਾ ਮਨਕੂਮ ਸ਼ਾਹਾ ਨਾਲ ਜ਼ੁਬਦਿਆਂ ਹਿਫ਼ਜ਼ ਪੁਕਾਰੀਆਂ ਨੇ ॥ ਮੁਵਾਰ ਸਿੰਨ ਬੁਦਰ ਖ਼ੁਲਾਸਿਆਂ ਦੇ ਰੌਜ਼ਾ ਨਾਲ ਇਖ਼ਲਾਸ ਪਸਾਰੀਆਂਨੇ ॥ ਜ਼ਰਾਜੀਆਂਦੇਨਾਲਸ਼ਰਹਮੁਲਾਂਜੀਜਾਨੀਆਂ ਖ਼ੂਬ ਨਿਤਾਰੀਆਂਨੇ ॥ ਪੜਨਅੱਗੇਇਰਸ਼ਾਦਦੇ ਕਈ ਲੜਕੇ ਫਰਫਦਾਇਮੀਜਾਲਪੁਕਾਰੀਆਂਨੇ ॥ ਕਰਨ ਹਿਫ਼ਜ਼ਕੁਰਾਨ

ਤਫਸੀਰ ਵੌਰਾ ਗੈਰ ਸ਼ਰਹ ਨੂੰ ਦੂਰਰਿਆਂ ਮਾਰੀਆਂ ਨੇ ॥

॥ ਨਾਮ ਫਾਰਸੀ ਕਿਤਾਬਾਂ ਦਾ ॥

ਇਕ ਨਜ਼ਰਤੇ ਵਰਸ ਹਰਕਰਨ ਪੜ੍ਹਦੇਨਾਮੇਹੱਕਤੇ ਖਾਲਕ ਬਾਰੀਆਨੀ ॥ਗੁਲਿਸਤਾਂਬੋਸਤਾਂਅਤੇਬਹਾਰਦਾਨਸ਼ਤੂਤੀਨਾਮੇ ਤੇ ਵਾਹਦਬਾਰੀਆਂਨੀ ॥ ਮੁਨਸ਼ੀਆਤ ਨਸਬਾਤ ਤੇ ਅਫਲ-ਫ਼ਲਲਸ਼ਾਹ ਨਾਮੇ ਤੇ ਰਾਜ਼ਕਬਾਰੀਆਂਨੀ ॥ ਕੁਰਾਨ ਸੈਦਾਇ ਤੇ ਦੀਵਾਨ ਹਾਫ਼ਜ਼ ਸ਼ੀਰੀ ਖ਼ੁਸਰਵਾਂ ਲਿਖ ਸਵਾਰੀਆਂਨੀ ॥

॥ ਅਸਬਾਬ ਲਿਖਨ ਦਾ ॥

ਕਲਮਦਾਨ ਜੁਜ਼ਦਾਨ ਦਾਵਾਤ ਪੱਟੀ ਨਾਮੇ ਏਮਲੇ ਵੇਖਦੇ ਲੜਕਿਆਂਦੇ ॥ ਲਿਖਣ ਨਾਲ ਸ਼ੌਖੇ ਸੱਯਾਕ ਖਿਸਰੀ ਹਰਫ਼ ਹੋਰਭੀ ਲਿਖਦੇ ਵਰਕਿਆਂਦੇ ॥ ਇੱਕਭੁੱਲਕੇ ਐਨਦਾ ਗੈਨ ਵਾਚਨ ਮੁੱਲਾਂਜਿੰਦਕੱਢਨਨਾਲਕੜਕਿਆਂਦੇ ॥ ਇਕ ਆਂਵਦੇ ਸ਼ੌਕ ਜੁਜ਼ਦਾਨਲੈਕੇ ਵਿਚ ਮਕਤਬਾਂਦੇ ਨਾਲ ਤੜਕਿਆਂਦੇ॥

॥ ਕਲਾਮ ਮੁੱਲਾਂ ॥

ਮੁੱਲਾਂਆਖਜਾਗੂੜੀਆਂਵਿਖੁਦਿਆਂਹੀ ਗੈਰਸ਼ਰਹਤੇ ਕਉਣਹੈਂ ਦੂਰਹੋਤਿਏ ॥ ਇਥੇਲੁਚਿਆਂਦੀਕੋਈਜਾਇਨਾਹੀਂ ਪਰੇ ਦੂਰ ਕਰ ਹੱਕ ਮਨਜ਼ੂਰਹੋਇਏ ॥ ਅਨਲਹੱਕਦਾ ਆਖਨਾ ਕਿਬਰ ਕਰਕੇ ਉਲਟ ਮਰੋ ਵਾਂਗੂੰ ਮਨਸੂਰ ਹੋ ਓਇ॥ਵਾਰਸਸ਼ਾਹ ਨਾ ਹਿੰਗਦੀ ਬਾਸ ਛੁੱਟੇ ਭਾਵੇਂ ਰੇਸ਼ਮੀ ਵਿਚ ਕਾਫੂਰ ਹੋ ਓਇ ॥

॥ ਕਲਾਮ ਰਾਂਝਾ ॥

ਦਾੜ੍ਹੀ ਸ਼ੇਖਦੀ ਅਮਲ ਸ਼ੈਤਾਨਵਾਲੇਕੇਹਾਰਾਹਿਆਜਾਂਦਿਆਂ ਰਾਹੀਆਂਨੂੰ ॥ ਇਸ ਪਲੀਤ ਤੇ ਪਾਕਦਾ ਕਰੋ ਵਾਕਫ਼ ਅਸੀ ਜਾਣਦੇਸ਼ਰਹਗਵਾਹੀਆਂਨੂੰ ॥ ਜੇੜ੍ਹੀ ਖਾਉਂ ਨਾਪਾਕਦੇ ਵਿਚ ਵੜਿਓਂ ਸ਼ੁਕਰਰੱਬਦੀਆਂਬੇਪਰਵਾਹੀਆਂਨੂੰ ॥ ਖੇਤੀਭੇਡੀਆਂ ਦੀ ਸੱਭੋਜਰਬ ਕੱਢੋ ਛੱਡੋ ਕੁਆਰੀਆਂ ਨਾ ਵਿਆਹੀਆਂ ਨੂੰ ॥ ਵਾਰਸਸ਼ਾਹ ਵਿਚ ਹੁਜਰਿਆਂ ਫ਼ੇਲ ਕਰਦੇ ਮੁੱਲਾਂ ਲਾਉਂਦੇ ਜੋਤਰੇ ਵਾਹੀਆਂ ਨੂੰ ॥

॥ ਕਲਾਮ ਰਾਂਝਾ ਵਾ ਮੁੱਲਾਂ ॥

ਘਰਰੱਬਦਾਮਸਜਦਾਂ ਹੁੰਦੀਆਂਨੀ ਏਥੇ ਗ਼ੈਰ ਸ਼ਰਹ ਨਹੀਂ ਵਾੜਿਓਜੇ ॥ ਤਾਰਕਹੋਵੇਸਲਵਾਤਦੇਪਰੇਰਖੇਲਬਾਂ ਵਾਲਿਆਂ ਮਾਰ ਪਛਾੜਿਓਜੇ ॥ ਕੁੱਤਾਅਤੇਫ਼ਕੀਰ ਪਲੀਤ ਦੋਵੇਂ ਨਾਲ ਦੁਰਰਿਆਂਬੰਨ੍ਹਕੇਮਾਰਿਓਜੇ ॥ ਨਵਾਂ ਕੱਪੜਾ ਹੋਇ ਤਾਂ ਪਾੜ ਸੁਟੀਏ ਲਬਾਂ ਹੋਣ ਦਰਾਜ਼ ਕਰਸਾੜਿਓਜੇ ॥ ਜੇਹੜਾਫ਼ਿਕਾ ਦੇ ਇਲਮਦਾਹੋਇਵਾਕਫ਼ ਉਸਨੂੰਚਾਸੂਲੀਉਤੇ ਚਾੜ੍ਹਿਓਜੇ ॥ ਵਾਰਸਸ਼ਾਹਖ਼ੁਦਾਇਦੇਦੁਸ਼ਮਨਾਂਨੂੰਦੂਰੋਂ ਕੁਤਜਾਂਵਾਂਗ ਦੁਰਕਾਰਨੇ ਜੇ ॥

॥ ਜਵਾਬ ਰਾਂਝਾ ॥

ਸਾਨੂੰ ਦੱਸ ਨਮਾਜ਼ ਹੈ ਕਾਸਦੀ ਜੀ ਕਾਸ ਨਾਲ ਬਨਾਇਕੇ ਸਾਰੀਆਨੇ॥ ਕੰਨਨੱਕ ਨਮਾਜ਼ਦੇ ਹੈਨ ਕਿਤਨੇ ਮੱਥੇ ਤਿਨਾਂ ਦੇ ਧਰੋਂ ਉਤਾਰੀਆਨੇ॥ਲੰਮਾਕੱਦਚੌੜੀਕਿਸਹਾਨਹੁੰਦੀ ਕਿਸ

ਰੀਜ਼ਦੇ ਨਾਲ ਸਵਾਰੀਆਨੇ॥ਵਾਰਸਤ੍ਰਿੰ ਗਲੀਆਂ ਉਮਦੀਆਂ ਕਿਤਨੀਆਂ ਨੀ ਕਿਸ ਨਾਲ ਓਹ ਬੀਨ ਗੁਜ਼ਾਰੀਆਨੇ ॥

॥ ਜਵਾਬ ਮੁੱਲਾਂ ॥

ਅਸਾਂ ਫ਼ਿਕਾ ਅਸੂਲ ਨੂੰ ਸਹੀਕੀਤਾਗੈਰ ਸ਼ਰਹ ਮਰਦੂਦ ਨੂੰ ਮਾਰਦੇਹਾਂ ॥ ਅਸਾਂ ਦੱਸਣੇ ਕੰਮ ਇਬਾਦਤਾਂਦੇ ਪੁਰਸਲਾਤਤੋਂ ਪਾਰ ਉਤਾਰਨੇਹਾਂ ॥ ਫ਼ਰਜ਼ਸੁੰਨਤਾਂਵਾਜਿਬਾਂਨਫ਼ਲ ਵਿਤਰਾਂ ਨਾਲ ਜਾਇਜ਼ਾਂਸੱਚਨਿਤਾਰਨੇਹਾਂ ॥ ਵਾਰਸਸ਼ਾਹ ਜਮਾਤ ਦੇ ਤਾਰਕਾਂ ਨੂੰ ਤਾਜ਼ਿਆਨਿਆਂਦੁਰਰਿਆਂ ਮਾਰਨੇ ਹਾਂ ॥

॥ ਜਵਾਬ ਰਾਂਝਾ ॥

ਤੁਸੀ ਵਿੱਚ ਖ਼ੁਦਾਇਦੇ ਖ਼ਾਨਿਆਂਦੇਝਿੱਲੀਛੱਡਕੇਗੋਜ਼ ਕਿਉਂ ਮਾਰਦੇਹੋ॥ਦੂਬਰਮੁੰਡਿਆਂਦੀਵਿਚਦਿਓਹਸ਼ਫ਼ਾ ਸ਼ਰਮਗਾਹ ਔਰਾਤਦੀ ਤਾੜਦੇਹੋ ॥ ਝੂਠ ਗੀਬਤਾਂ ਅਤੇਹਰਾਮ ਕਰਨਾ ਮੁਸ਼ਤਜ਼ਨੀਤੇਐਬਕਿਉਂ ਧਾਰਦੇਹੋ ॥ ਅੰਨ੍ਹੇਕੋੜ੍ਹਿਆਂ ਲੂਲ੍ਹਿਆਂ ਵਾਂਗ ਬੈਠੇ ਕੁਰਰਾ ਸ਼ਰਮ ਜਹਾਨਦਾ ਮਾਰਦੇ ਹੋ ॥

॥ ਜਵਾਬ ਰਾਂਝਾ ॥

ਬਾਸਹਲਵਿਆਂਦੀਖ਼ਬਰਮੁਰਦਿਆਂਦੀਨਾਲਦਵਾਵੇਜੀਉਂਦੇ ਮਾਰਦੇਹੋ॥ਸ਼ਰਹਦਾਇਸਿਰਪੋਸ਼ਬਨਾਇਦੇ ਵੇਰਵਾਦਾਰਬਣੇ ਗੁਨਹਗਾਰਦੇ ਹੋ ॥ ਅੱਧੀ ਰਾਤ ਹੀ ਉਠਦਿਆਂ ਭੁਖ ਲੱਗੇ ਤੁਸੀ ਭੁਖ ਹੀ ਭੁਖ ਪੁਕਾਰਦੇ ਹੋ ॥ ਵਾਰਸਸ਼ਾਹ ਮੁਸਾਫ਼ਰਾਂ ਆਇਆਂ ਨੂੰ ਤੁਸੀ ਚਲੋ ਹੀ ਚਲੋ ਪੁਕਾਰਦੇ ਹੋ ॥

॥ ਜਵਾਬ ਮੁੱਲਾਂ ॥

ਮੁੱਲਾਂ ਆਖਿਆ ਵੇ ਨਾਮਾਕੂਲ ਜੱਟਾ ਫ਼ਜਰ ਕਢਵੇ ਰਾਤ ਗੁਜ਼ਾਰ ਜਾਈਂ ॥ ਫ਼ਜਰ ਹੁੰਦੜੀ ਤੋਂ ਅਗੋਂ ਉਠ ਏਥੋਂ ਸਿਰ ਕਜਕੇ ਮਸਜਦੋਂ ਨਿਕਲ ਜਾਈਂ ॥ ਘਰ ਰੱਬ ਦੇ ਨਾਲ ਨਾ ਬੰਨ੍ਹ ਝੇੜੇ ਅਜ਼ਗੈਬ ਦੀਆਂ ਹਿਕਮਤਾਂ ਨਾ ਉਠਾਈਂ ॥ ਵਾਰਸਸ਼ਾਹ ਖ਼ੁਦਾਇ ਦੇ ਘਰਿਆਂ ਨੂੰ ਮੁੱਲਾਂ ਚਿੰਬੜੇ ਹੈਨ ਬਲਾਇ ਨਜਾਈਂ ॥

॥ ਕਲਾਮ ਸ਼ਾਇਰ ॥

ਬਿੜੀ ਛੂਕਦੀ ਨਾਲ ਉਠਣ ਹੋਰੇ ਪਾਣੀ ਪਈਆਂ ਗੂੰਜਦੇ ਵਿਚ ਮਧਾਣੀਆਂ ਨੀ ॥ ਉਠ ਨ੍ਹਾਵਣੇ ਵਾਸਤੇ ਜੁਆਨ ਦੌੜੇ ਸੇਜਾਂ ਜਿਨ੍ਹਾਂ ਨੇ ਰਾਤ ਨੂੰ ਮਾਣੀਆਂ ਨੀ ॥ ਰਾਂਝੇ ਕੂਚ ਕੀਤਾ ਪਹੁੰਚਾ ਨਦੀ ਉਤੇ ਪਾਰ ਲੰਘਿਆ ਸਾਥ ਮੁਹਾਣੀਆਂ ਨੀ ॥ ਵਾਰਸਸ਼ਾਹ ਮੀਆਂ ਲੁੱਡਿਆਂ ਵੱਡੀ ਕੁੱਦਰਤ ਰੂਪਾ ਸ਼ੌਹਦ ਦਾ ਲੱਦਿਆ ਛਾਣੀਆਂ ਨੀ ॥

॥ ਕਲਾਮ ਰਾਂਝਾ ਵਾ ਮਲਾਹ ॥

ਰਾਂਝੇ ਆਖਿਆ ਪਾਰ ਲੰਘਾਇ ਸਾਂਈਆਂ ਮੈਨੂੰ ਚਾੜ੍ਹ ਲੈ ਰਬ ਦੇ ਵਾਸਤੇ ਤੇ ॥ ਅਸੀਂ ਰਬ ਦੀ ਆਲ ਦੇ ਭੈਲ ਪਾੜਾ ਬੇੜਾ ਠੇਲਦੇ ਲਬਦੇ ਵਾਸਤੇ ਤੇ ॥ ਅਸਾਂ ਰਿਜ਼ਕ ਕਮਾਵਣਾ ਨਾਲ ਹੀਲੇ ਬੇੜਾ ਪਾਰ ਕਰ ਰੱਬ ਦੇ ਵਾਸਤੇ ਤੇ ॥ ਹੱਸ ਆਖਦਾ ਹਾਂ ਨਾਲ ਮੈਂ ਭਾਈਆਂ ਦੇ ਸ਼ੋਰ ਕਰਾਂ ਮੈਂ ਰੱਬ ਦੇ ਵਾਸਤੇ ਤੇ ॥ ਚੋਬ ਜੋੜਕੇ ਮਿੰਨਤਾਂ ਕਰੇ ਰਾਂਝਾ ਫੜ ਲੈ ਕਰਾਂ ਮੈਂ ਰੁਸ਼ਦ ਦੇ ਵਾਸਤੇ ਤੇ ॥

## ॥ ਕਲਾਮ ਮਲਾਹ ॥

ਧੈਂਸਾ ਖੋਲ੍ਹਕੇ ਹੱਥ ਜੋ ਧਰੇਂ ਮੇਰੇ ਚੌਦੀਚਾੜ੍ਹਕੇ ਪਾਰਉਤਾਰਨੇ ਹਾਂ ॥ ਅਤੇ ਵੇਖਕੇ ਮੁਫ਼ਤ ਜੋਕੋਨਖਾਏ ਂ ਚਾਇਬੇੜੀਓ ਜ਼ਿਮੀ ਤੇ ਮਾਰਨੇ ਹਾਂ॥ਜੋੜ੍ਹਾ ਕੱਪੜਾ ਦੇ ਤੇ ਨਗਦਪੈਸਾਸਾਰੇਓਸਦੇ ਕੰਮ ਸਵਾਰਨੇ ਹਾਂ ॥ ਜੋਰਾਵਰੀਜੋਆਨਕੇਚੜ੍ਹੇਬੇੜੀ ਅਧਵਾ-ਵਿਚਿੰਫੜਕੇਮਾਰਨੇਹਾਂ॥ਫ਼ੁਮਾਂਅਤੇਫਕੀਰਾਂਤੇਮੁਫ਼ਤਖੋਰਾਂਦੂਰੋਂ ਕੁੱਤਿਆਂ ਵਾਂਗ ਦੁਰਕਾਰਨੇ ਹਾਂ ॥ ਵਾਰਸਸ਼ਾਹ ਜੇਹੇ ਪੀਰ ਜ਼ਾਦਿਆਂ ਨੂੰ ਮੂੰਹੋਂ ਬੇੜੀ ਦੇ ਵਿੱਚ ਨਾ ਵਾੜਨੇ ਹਾਂ ॥

## ॥ ਕਲਾਮ ਸ਼ਾਇਰ ॥

ਰਾਂਝਾ ।ਮਿੰਨਤਾਂ ਕਰਕੇ ਥਕ ਰਿਹਾ ਅੰਤ ਹੋਇ ਕੰਢੇ ਉਤੇਜਾ ਬੈਠਾ ।। ਛੱਡ ਅਗਨਬਿਗਾਨੜੀਹੋਇ ਗੋਸ਼ੇ ਪ੍ਰੇਮਵਾਂਙਜੀਵੇਖ ਜਗਾ ਬੈਠਾ ॥ ਗਾਵੇ ਸੱਦ ਫਿਰਾਕਦੇਨਾਲਰੋਵੇ ਅਤੇਵੰਝਲੀ ਖੂਬ ਵਜਾਇ ਬੈਠਾ ॥ ਵਾਰਸਸ਼ਾਹ ਉਸਮੋਹੀਆਂਮਰਦਰੰਨਾਂ ਨਹੀਂਜਾਨਦਾ ਕੌਣ ਬਲਾ ਬੈਠਾ॥ਜੋ ਕੋਈ ਮਰਦਤਰੀਮਤਾਂ ਆਉਣ ਪੱਤਣ ਘਾਟ ਛੱਡ ਕੇ ਉਸਤੇ ਜਾਇ ਬੈਠਾ ॥ ਰੰਨਾਂ ਲੁੜ੍ਹਣਬੇਲਦੀਆਂ ਭੁਰਨਮੱਠੀਆਂਪੇਰ ਦੋਹਾਂਦੇ ਵਿਚਟਕਾ ਬੈਠਾ ॥ ਗੁਸਾਖਾਇਝਬੇਲ ਤੇ ਲਏ ਝਈਆਂ ਇਹਤੇ ਦੋਹਾਂਨੂੰ ਹੱਕ ਬਨਾ ਬੈਠਾ ॥ ਪਿੱਛਾ ਝਾਹੁੜੀ ਜੱਟ ਲੈਜਾਇਇਨਾਂ ਕੇਹਾ ਸ਼ੁਗਲ ਹੀ ਆਨ ਜਗਾਇਬੈਠਾ ॥ ਵਾਰਸਸ਼ਾਹਅਨਮੇਝਨਾ ਮੁਛਦੀਆਂ ਨੀ ਗੁਸੇ ਨਾਲ ਸੀ ਲੱਤ ਫੈਲਾਇ ਬੈਠਾ ॥

## ॥ ਕਲਾਮ ਮਲਾਹ ॥

ਸੈ ਵੰਝੀਂ ਛਨਾਇਦਾ ਅੰਤ ਨਾਹੀਂ ਡੁੱਬ ਮਰੇਂਗਾ ਠਿੱਲ ਨਾਂ ਸੱਜਣਾ ਉਇ॥ ਰਜ਼ੂ ਮੋਢਿਆਂ ਤੇ ਅਸੀ ਪਾਰ ਠੇਲਾਂਗਾਈ ਜਾਨ ਨਾ ਵਿੱਲ ਤੂੰ ਸੱਜਣਾ ਉਇ॥ ਸਾਡੀ ਅੱਖੀਆਂਦੇਵਿਚ ਵਾਂਗ ਧੀਰੀ ਤੇਰੇ ਘੁੱਤਦੇ ਵਿੱਲ ਨਾ ਸੱਜਣਾ ਉਇ ॥ ਸਾਡਾ ਅਕਲ ਸ਼ਊਰ ਤੂੰ ਖਸ ਲੀਤਾ ਰਹਿਆ ਕੱਖਾਂ ਦਾ ਆਲੂਣਾ ਸੱਜਣਾ ਉਇ ॥ ਵਾਰਸਸ਼ਾਹ ਦੇ ਅਸੀਂਭੀ ਰੋਖਣੇ ਹਾਂ ਸਾਡਾ ਕਾਲਜਾ ਸਲ ਨਾ ਸੱਜਣਾ ਉਇ ॥

## ॥ ਕਲਾਮ ਸ਼ਾਇਰ ॥

ਦੋਹਾਂ ਬਾਂਹਾਂ ਤੋਂ ਪਕੜ ਰੰਝੇਟੜੇ ਨੂੰ ਮੁੜ ਆਨ ਬੇੜੀ ਉਤੇ ਚਾੜ੍ਹਿਓਨੇ ॥ ਤਕਸੀਰ ਮੁਆਫ਼ ਕਰ ਆਦਮੀਦੀ ਫੇਰ ਆਨ ਬਹਿਸ਼ਤ ਵਿਚ ਵਾੜਿਓ ॥ਗੋਯਾ ਖ਼ਾਬ ਅੰਦਰ ਅਜ਼ਰਾਈਲ ਡਿੱਠਾ ਉਸਨੂੰ ਮੋੜਕੇ ਅਰਸ਼ਤੇ ਚਾੜ੍ਹਿਓਨੇ ॥ ਵਾਰਸਸ਼ਾਹ ਨੂੰ ਫ਼ੁਰਤ ਨੁਵਾਇਕੇ ਤੇ ਬੀਬੀ ਹੀਰਦੇ ਪਲੰਘ ਤੇ ਚਾੜ੍ਹਿਓਨੇ ॥

## ॥ ਕਲਾਮ ਰਾਂਝਾ ਨਾਲ ਲੋਕਾਂ ॥

ਆਰੋ ਪਲੰਘ ਕੇਹਾ ਸਣੇ ਸੇਜ ਏਥੇ ਲੋਕਾਂ ਆਖਿਆ ਹੀਰ ਜਟੇਟੜੀਦਾ॥ਪਾਤਸ਼ਾਹਜਿਆਲਾਂਦੇਤ੍ਰਿੰਞਨਾਂਦੀਮਹਰਚੂਚਕੇ ਖ਼ਾਨਦੀਬੇਟੜੀਦਾ॥ਸਾਹਿਬ ਪੀਰਪਨਾਹਨਿਤਲੈਨ ਜਿਸਥੋਂ ਇਹੁ ਬਾਗ਼ਿ ਹੈ ਮੁਸ਼ਕ ਲਪੇਟੜੀਦਾ ॥ ਅਸੀਂ ਸਭਫਬੇਲਤੇ ਘਾਟ ਪੱਤਨ ਸਾਰਾ ਹੁਕਮ ਹੈ ਓਸ ਸਲੇਟੜੀਦਾ ॥

॥ ਕਲਾਮ ਸ਼ਾਇਰ ॥

ਬੇੜੀ ਨਹੀਂ ਏਹ ਝੰਗ ਦੀ ਬਣੀ ਬੈਠਕ ਜੋ ਕੋਈਆਉਂਦਾ ਸੌਦ ਬਹਾਉਂਦਾਈ ॥ ਝੇੜਾ ਗੱਭ ਅਮੀਰ ਫ਼ਕੀਰਬੈਠੇ ਕੌਣ ਜਾਣਦਾ ਕੋਹੜੀ ਬਾਉਂਦਾਈ॥ਜਿਉਂਸ਼ਮਾਤੇ ਭਿੱਗਣਪਤੰਗ ਝੜਝੜ ਨਦੀ ਲੰਘ ਮੁਹਾਂਣਿਆਂ ਆਂਵਦਾਈ ॥ ਖ੍ਵਾਜਾਖਿਜ਼ਰ ਦਾ ਸ਼ਾਲਕਾਆਨਲੱਖਾਂਜੋਗਕੁੱਟਮਨੀਣੀਆਂਲਿਆਂਵਦਾਈ॥

॥ ਕਲਾਮ ਮਲਾਹ ॥

ਝੂੰਬਣ ਨਹੀਂ ਲੰਘਾਇਆ ਪਾਰ ਉਸਨੂੰ ਓਸ ਵੇਲੜੇ ਨੂੰ ਪੱਛੋਤਾਂਵਦਾਈ ॥ ਯਾਰੋ ਝੂਠ ਨਾ ਕਰੇ ਖੁਦਾਇ ਸੱਚਾਰੰਨਾਂ ਮੇਰੀਆਂ ਏਹ ਖਿਸਕਾਉਂਦਾਈ ॥ ਇਕ ਸੱਦਦੇ ਨਾਲ ਏਹ ਜ਼ਿੰਦਲੈਂਦਾ ਪੰਛੀ ਭਿੱਗਦੇ ਮਿਰਗਫਸਾਉਂਦਾਈ॥ਠੱਗਸੁਣੇ ਬਨਾਰਸੋਂ ਆਂਵਦੇ ਨੀ ਇਹਤਾਂਜ਼ਾਹਿਰਾ ਠੱਗਸਦਾਂਵਦਾਈ ॥ ਵਾਰਸਸ਼ਾਹ ਰਾਂਝਾ ਵਲੀ ਜ਼ਾਹਿਰਾ ਹੈ ਹੁਣੇ ਵੇਖ ਝਖੇਲ ਕੁਦਾਂਵਦਾਈ ॥

॥ ਕਲਾਮ ਮਾਹੀਆਂ ॥

ਜਾਇਪਿੰਡਵਿਚਮਾਹੀਆਂ ਗੱਲ ਟੋਰੀ ਇਕਸੁਘੜਬੇੜੀਵਿੱਚ ਗਾਂਵਦਾਈ ॥ ਉਸਦੇ ਬੋਲਿਆਂ ਮੁਖ ਥੀਂ ਫੁਲਝੜਦੇ ਲੱਖ ਲੱਖ ਦੇ ਸੌਦ ਅਲਾਂਵਦਾਈ ॥ ਸਣੇ ਲੁੜਣ ਝਬੇਲ ਦੀਆਂ ਦੋਵੇਂ ਰੰਨਾਂ ਸੇਜ ਹੀਰਦੀ ਤੇ ਰੰਗ ਲਾਂਵਦਾਈ॥ਵਾਰਸਸ਼ਾਹ ਜੁਆਰੀਆਂ ਆਵੜਾਂ ਨੂੰ ਏਹੁ ਵੇਖ ਝਖੇਲ ਕੁਦਾਂਵਦਾਈ ॥

॥ ਸਵਾਲ ਲੋਕਾਂ ॥

ਲੋਕਾਂ ਆਖਿਆ ਵੇ ਮੀਆਂ ਕੌਣ ਹੈਂ ਤੂੰ ਆਨ ਕਿਸੇ ਨੇ ਐਨ ਖੁਵਾਲਿਆਈ ॥ ਐਗ ਸਾਕ ਨੂੰ ਛੱਡ ਕੇ ਨੱਸ ਆਇਓਂ ਬੁੱਢੇ ਮਾਂ ਤੇ ਬਾਪ ਨੂੰ ਗਾਲਿਆਈ ॥ ਓਲ੍ਹੇ ਅੱਖੀਆਂ ਦੇ ਤੈਨੂੰ ਕਿਸ ਕੀਤਾ ਕਿਨ੍ਹਾਂ ਦੂਤੀਆਂ ਦਾ ਕਹਿਆ ਪਾਲਿਆਈ ॥ ਤੇਰੀ ਸੂਰਤ ਬਹੁਤ ਮਲੂਕ ਦਿਸੇ ਐੜਾ ਫ਼ਕਰ ਤੂੰ ਕਾਸ ਨੂੰ ਜਾਲਿਆਈ ॥

॥ ਕਲਾਮ ਸ਼ਾਇਰ ॥

ਰਾਤ ਹੱਸਕੇ ਖੇਡ ਗੁਜ਼ਾਰੀਆਈ ਸੁਬਹ ਹੋਈ ਤਾਂ ਜੀ ਉਦਾਸ ਕੀਤਾ ॥ ਰਾਹ ਜਾਂਦੜੇ ਨੂੰ ਨਦੀ ਨਜ਼ਰ ਆਈ ਡੇਰਾ ਜਾਇ ਮਲਾਹ ਦੇ ਪਾਸ ਕੀਤਾ ॥ ਬੇੜੀ ਵਿੱਚ ਵਜਾਇਕੇ ਵੰਝਲੀ ਨੂੰ ਚਾਉ ਪਲੰਘ ਤੇ ਸੌਵਣਾ ਖ਼ਾਸ ਕੀਤਾ ॥ ਅੱਗੇ ਪਲੰਘ ਬੇੜੀ ਵਿੱਚ ਵਿੱਛਿਆ ਸੀ ਓਥੇ ਜਾਇ ਵਛਾਵਣਾ ਰਾਸ ਕੀਤਾ ॥ ਵਾਰਸ ਸ਼ਾਹ ਹੁਣ ਹੀਰ ਨੂੰ ਖ਼ਬਰ ਹੋਈ ਤੇਰੀ ਸੇਜ ਦਾ ਜੱਟ ਨੇ ਨਾਸ ਕੀਤਾ ॥

National Library
Calcutta-27

॥ ਕਲਾਮ ਸ਼ਾਇਰ ॥

ਲੈਕੇ ਸੱਠ ਸਹੇਲੀਆਂ ਨਾਲ ਆਈ ਹੀਰ ਮੱਤੜੀ ਰੂਪ ਗੁਮਾਨ ਦੀ ਜੀ ॥ ਕੰਨੀਂ ਮੋਤੀਆਂ ਦੇ ਬੁੱਕ ਝੂਲਦੇ ਨੀ ਕੋਈ ਪਰੀ ਹੈ ਹੂਰ ਦੇ ਸ਼ਾਨ ਦੀ ਜੀ ॥ ਜਿਸ ਦੇ ਨੱਕ ਬੁਲਾਕ ਤੇ ਕੁਤਬ ਤਾਰਾ ਜੋਬਨ ਬੇਬਹਾ ਕਹਿਰ ਤੂਫ਼ਾਨ ਦਾ ਜੀ ॥ ਕੁਦਰਤੀ ਸੂਹੀ ਹੈ ਹਿਕ ਦੇ ਨਾਲ ਫੱਬੀ ਹੋਸ਼ ਰਹੀ ਨਾ ਜ਼ਿਮੀਂ ਅਸਮਾਨ ਦੀ ਜੀ ॥ ਆਉ ਬੈਦਿਆਂਵਾਲੀਏ ਡਰੀਂ ਮੁਟੀਏ ਅੱਗੇ ਕਟੀ ਗਏ ਤੈਬੂਤਾ ਦੇ

Acc. No. 185 dt. 20.7.1915

ਜੀ ॥ ਵਾਰਸਸ਼ਾਹ ਮੀਆਂ ਜੱਟੀ ਲੋਹੜ ਲੁੱਟੀ ਭਰੀਬਹੁਤ
ਹੰਕਾਰ ਤੇ ਮਾਣ ਦੀ ਜੀ ॥

॥ ਤਾਰੀਫ਼ ਸੂਰਤ ਹੀਰ ਦੀ ॥

ਕੋਈ ਹੁਸਨਦੀ ਕਰੇ ਤਾਰੀਫ਼ ਸ਼ਾਇਰ ਮੱਥਾਚਮਕਦਾਵਾਂਗ
ਮੈਤਾਬਦੇ ਜੀ ॥ਚੁਨੀਚੂਨੀਆਂ ਰਾਤਜਿਉਂ ਚੰਦ ਵਾਂਗੂੰ ਸੁਰਖ
ਰੰਗ ਜਿਉਂ ਰੰਗ ਸ਼ਰਾਬਦਾਜੀ ॥ ਭਵਾਂ ਵਾਂਗਕਮਾਨ ਲਾਹੌਰ
ਦੀਜੀ ਕੋਈ ਹੁਸਨ ਨਾ ਅੰਤ ਹਸਾਬਦਾ ਜੀ॥ਨੈਨਨਰਗਸੀ
ਵਾਂਗ ਮਮੋਲੜੇ ਦੇ ਗੱਲ੍ਹਾਂ ਟਹਿਕੀਆਂ ਫੁਲ ਗੁਲਾਬਦਾਜੀ॥
ਸੁਰਮਾਨੈਨਾਂਦੀ ਧਾਰਵਿਚ ਭੜਕਰਹਿਆ ਚੜ੍ਹਿਆਹਿੰਦ ਤੇ
ਕਟਕ ਪੰਜਾਬਦਾਜੀ ॥ ਖਲੀਲਟਕਦੀਹੈ ਵਿਚ ਤ੍ਰਿੰਞਣਾਂਦੇ
ਹਾਥੀ ਫਿਰੇ ਜਿਵੇਂ ਮਸਤਨਵਾਬਦਾਜੀ॥ਚੇਹਰੇਸੋਹਣੇਤੇਖ਼ਾਲ
ਖ਼ੂਬ ਬਣਦੇਖ਼ੁਸ਼ਖ਼ਤਜਿਵੇਂਹਰਫ਼ਕਿਤਾਬਦਾਜੀ॥ਜੇੜ੍ਹੇਦੇਖਣੇਦੇ
ਰੀਝਵਾਨਹੋਏ ਵਡਾਵਾਇਦਾ ਤਿਨਾਂ ਦੇ ਬਾਬਦਾਜੀ ॥ ਚਲੋ
ਸੁੰਦਰੀਹੀਰਦੀਦੀਦਕੀਜੇਵਾਰੇਸ਼ਾਹਏਹਕੰਮਸਵਾਬਦਾਜੀ॥
ਹੋਠਸੁਰਖ ਯਾਕੂਤੀਆ ਲਾਲਚਮਕਣਠੋਡੀ ਸੇਉ ਵਲਾਇਤੀ
ਸਾਰਵਿਚੋਂ॥ ਨੱਕਅਲਫ਼ ਹੁਸੈਨਦਾ ਪਿਪਲਾਹੈ ਜ਼ੁਲਫ਼ ਨਾਗ
ਖ਼ਜ਼ਾਨੇ ਦੀ ਬਾਰ ਵਿੱਚੋਂ॥ਲਿਖੀ ਚੀਨਮਚੀਨਤਸਵੀਰਜੱਟੀ
ਕਦਸਰੂ ਬਹਿਸ਼ਤ ਗੁਲਜ਼ਾਰਵਿਚੋਂ॥ਗਲਕੂੰਜਦਾ ਉਂਗਲੀ
ਰਵਾਂਹਫਲੀਆਂਹੱਥ ਕੌਲਤੇਬਰਗਚਿਨਾਰ ਵਿੱਚੋਂ॥ ਦੰਦਚੰਬੇ
ਦੀ ਕਲੀ ਤੇ ਹੰਸਮੋਤੀਦਾਣੇਨਿਕਲੇਹੁਸਨ ਅਨਾਰ ਵਿਚੋਂ॥

ਬਾਹੀਂ ਵੇਲਣੇ ਵੇਲੀਆਂ ਗੁੰਨ ਮੱਖਣ ਛਾਤੀ ਸੰਗਮਰਮਰ ਰੰਗ ਧਾਰ ਵਿੱਚੋਂ ॥ ਛਾਤੀ ਬਾਫ਼ਤੇ ਉੱਭਰੇ ਪਟ ਖੰਨੂੰ ਸੇਉ ਬਲਖ ਦੇ ਚੁਣੇ ਅੰਬਾਰਵਿੱਚੋਂ ॥ ਕਾਫ਼ੂਰਸ਼ਹਨਾਸਰੀਨਬਾਂਕੇ ਸਾਕ ਹੁਸਨ ਸ਼ਤੂਨਮੀਨਾਰਵਿੱਚੋਂ ॥ ਧੁੰਨੀ ਹੌਜ਼ਬਹਿਸ਼ਤਦਾ ਮੁਸ਼ਕ ਭਾਨੀ ਪੇਡੂ ਮਖ਼ਮਲੀ ਖ਼ਾਸਸਰਕਾਰ ਵਿੱਚੋਂ॥ਸੁਰਖ਼ੀ ਹੋਠਾਂਦੀਲੋੜ੍ਹ ਵਿੱਦਾਮਰੇਦਾਖੇਲਾਖਤਰੀਕਤਲਬਾਜ਼ਾਰ ਵਿੱਚੋਂ॥ ਸਹੀਆਂਨਾਲ ਲਟੱਕਦੀਮਾਨਮੱਤੀ ਜਿਵੇਂ ਹਰਨੀਆਂਝੂਟੀਆਂ ਬਾਰ ਵਿੱਚੋਂ ॥ ਐਪਰ ਲੈਂਦਕੇ ਚਾਹ ਪਹਾੜ ਮਿਸਰੀਦੇਮੁਕ ਨਿੱਕਲੀ ਮਜਾਨਦੀ ਧਾਰ ਵਿੱਚੋਂ॥ਫਿਰੇ ਛੈਗਦੇਛਾਇਦੇਨਾਲ ਜੱਟੀ ਚੜ੍ਹਿਆ ਗ਼ਜ਼ਬਦਾ ਕਟਕ ਕੰਧਾਰ ਵਿੱਚੋਂ॥ਲਕਾਬਾਗ਼ ਦੀ ਪਰੀਕੇ ਇੰਦਰਾਣੀ ਹੂਰਨਿਕਲੀ ਚੰਦਦੀਧਾਰ ਵਿੱਚੋਂ॥ ਪੁਤਲੀਪੇਖਣੇਦੀਨਕਸ਼ਰੂਪਵਾਲੇ ਲੱਧਾਪਰੀਨੇਛੰਦਉਜਾੜ ਵਿੱਚੋਂ ॥ ਐਂਉਲਰਕਦੀਆਂਵਦੀ ਕਹਿਰ ਲੁੱਦੀ ਜਿਵੇਂ ਕੂੰਜ ਸੀ ਨਿਕਲੀ ਡਾਰ ਵਿੱਚੋਂ ॥

॥ ਕਲਾਮ ਸ਼ਾਇਰ ॥

ਮੱਥੇ ਆਣ ਲੱਗਣਜੇੜ੍ਹੇ ਚੋਰ ਆਸ਼ਕਨਿਕਲੇਜਾਨ ਤਲਵਾਰ ਦੀ ਧਾਰ ਵਿੱਚੋਂ॥ਇਸ਼ਕ ਬੋਲਦਾ ਨੱਢੀਦੇਥਾਉਂ ਬਾਣੀ ਰਾਗ ਨਿਕਲਦੇ ਜ਼ੀਲ ਦੀ ਤਾਰ ਵਿੱਚੋਂ ॥ ਕਤਲ ਬਾਝ ਜੱਲਾਦ ਅਸਵਾਰਖੂਨੀਨਿਕਲਦੌੜਦੇਰਿੜਦਬਜ਼ਾਰਵਿੱਚੋਂ॥ਵਾਰਿਸ਼ਾਹ ਜੋ ਨੈਣਾਂਦਾ ਵਾਉ ਲੱਗੇ ਕੋਈ ਬਚੇਨਾਜੂਏਦੀਹਾਰਵਿੱ

## ॥ ਕਲਾਮ ਸ਼ਾਇਰ ॥

ਆਈਆਂ ਨਾਲ ਸ਼ਿਤਾਬ ਉਤਾਵਲੀ ਦੇ ਲੈਕੇ ਪਰੀ ਦੇ ਵਾਂਗ ਉਡਾਰੀਆਂ ਨੀ॥ਇਕ ਦੂਈ ਨੂੰ ਆਖਦੀ ਚਲੋ ਅੜੀਓ ਕਰੋ ਹੀਰ ਦੇ ਨਾਲ ਤਿਆਰੀਆਂ ਨੀ॥ਚਲੋ ਹੀਰ ਦੇ ਨਾਲ ਉਠ ਚਲੀਏ ਨੀ ਲਈਏ ਵਿੱਚ ਦਰੀਆ ਦੇ ਤਾਰੀਆਂ ਨੀ॥ਜੇੜ੍ਹਾ ਹੀਰ ਦੀ ਸੇਜ ਤੇ ਨਜ਼ਰ ਆਵੇ ਓਹਨੂੰ ਪਲੰਘ ਤੋਂ ਮਾਰ ਉਤਾਰੀਏ ਨੀ॥ ਨੈਨ ਸ਼ਰਬਤੀ ਕਾਤੀਆਂ ਸਾਨ ਚੜ੍ਹੀਆਂ ਵਿਚ ਕੱਜਲੇ ਦੇ ਹੋਨ ਧਾਰੀਆਂ ਨੀ ॥ ਨਿਗਾਹ ਵੇਂਹਦੜੀ ਵੇਖਕੇ ਕੱਟ ਸੁੱਟਨ ਲਹੂ ਪੀਂਦੀਆਂ ਪ੍ਰੇਮ ਪਿਆਰੀਆਂ ਨੀ॥ਜੇਹੜਾ ਵੇਖਦਾ ਹੈ ਸੋਈ ਹੋਇ ਬਰਦਾ ਕਰਦਾ ਨਹੀਂ ਏਹ ਵਖਤ ਗੁਜ਼ਾਰੀਆਂ ਨੀ॥ਪੰਛੀ ਪੈਨ ਅਸਮਾਨ ਤੋਂ ਜ਼ਿਮੀਂ ਉਤੇ ਸੁਣ ਝਾਂਜਰਾਂ ਦੀਆਂ ਛਨਕਾਰੀਆਂ ਨੀ ॥ ਮੌਜਾਂ ਸ਼ਾਹਦੀਆਂ ਵਾਂਗ ਓਹ ਧਾਇ ਚਲੀਆਂ ਦੂਰੋਂ ਕਰਦੀਆਂ ਮਾਰੀਆਂ ਮਾਰੀਆਂ ਨੀ ॥ ਨੇੜੇ ਆਇਕੇ ਕੜਕੀਆਂ ਵਾਂਗ ਬਿਜਲੀ ਹੱਥ ਪਕੜਕਾਬਾਂ ਲੋੜੇ ਮਾਰੀਆਂ ਨੀ ॥ ਵਾਰਸਸ਼ਾਹ ਝਬੇਲ ਹੇ ਗਜ਼ਾ ਵੁੱਠਾ ਗਿਰਦੇ ਆਨ ਹੋਈਆਂ ਦੂਲੇਹਾਰੀਆਂ ਨੀ॥

## ॥ ਕਲਾਮ ਹੀਰ ਨਾਲ ਮਲਾਹ॥

ਪਕੜ ਲਏ ਝਬੇਲ ਤੇ ਬੈਨ ਮੁਸ਼ਕਾਂ ਛਮਕਾਂ ਮਾਰ ਕੇ ਲਹੂ ਲੁਹਾਨ ਕੀਤੇ॥ ਆਨ ਪਲੰਘ ਤੋਂ ਕੋਲ ਸਵਾਲਿਆ ਜੀ ਮੇਰੇ ਵੈਰ ਦੇ ਲੂਸਾਂ ਸਮਾਨ ਕੀਤੇ॥ਕੰਜ਼ੀਏ ਮਾਰਨਾ ਆਸਾਂ ਬੇਦੇਸਿਆਂ ਨੀ

ਕੋਈ ਅਸਾਂਨਾ ਇਹ ਮਹਿਮਾਨ ਕੀਤੇ॥ ਕੇਰਲ ਧਾਰੀ ਏਰੱਬ ਤੋਂ ਡਰੀਂ ਮੂਈਏ ਅੱਗੇ ਕਿਸੇਨਾ ਐਡ ਤੂਫ਼ਾਨ ਕੀਤੇ॥ ਇਸ ਇਸ਼ਕਦੇਨਸ਼ੇਨੇਨੱਢੀਏਨੀਵਾਰਸਸ਼ਾਹਹੋਰੀਪਰੇ ਸ਼ਾਨਕੀਤੇ॥

॥ ਕਲਾਮ ਹੀਰ ॥

ਜਾਨੀ ਕੰਮਲੀ ਹਾਜਹੇ ਜੁਹਕੇਦਾ ਅਤੇ ਕਿਸੇਦੀ ਕੀ ਪਰਵਾਹ ਮੈਨੂੰ॥ ਨਹੀਂ ਪਲੰਘਤੇ ਏਸਨੂੰ ਵਿਕਣਦੇਣਾ ਲਾਇਰਹੇਂਗਾ ਲੱਖ ਜੇ ਤਾਣ ਮੈਨੂੰ॥ਮੈਂ ਤਾਂ ਧੂਹਕੇ ਪਲੰਗ ਤੋਂ ਚਾਇ ਸੁੱਟਾਂ ਆਯਾ ਕਿਧਰੋਂ ਦਾ ਪਾਤਸ਼ਾਹ ਮੈਨੂੰ॥ਨਾਢੂਸ਼ਾਹ ਦਾ ਪੁੱਤ੍ ਕੇ ਸ਼ੇਰਹਾਥੀ ਪਾਸ ਢੁਕਿਆਂ ਲਵੇਗਾ ਢਾਹ ਮੈਨੂੰ ॥ ਏਹਬੋਲਦਾ ਪੀਰ ਬਗ਼ਦਾਦਦਾਈ ਕਿਥੋਂਆਇਬੈਠਾ ਵਾਰਸਸ਼ਾਹਮੈਨੂੰ ॥

॥ ਕਲਾਮ ਹੀਰ ॥

ਉੱਠੀਂ ਸੁੱਤਿਆਸੇਜਅਸਾਡੜੀ ਤੋਂ ਲੰਮਾ ਮੁਸਰੀ ਵਾਂਗਕਿਉਂ ਪਿਆ ਹੈਂ ਵੇ ॥ ਕਿਤੇ ਰਾਤ ਉਨੀਂਦਰਾ ਕਟਿਆਈ ਐਡੀ ਨੀਂਦਵਾਲਾ ਲੁੜ ਗਿਆ ਹੈਂ ਵੇ ॥ ਕੋਈ ਤਾਪ ਤੇ ਸਿਹਰ ਹੈ ਜਿੰਨ ਲੱਗੋਂ ਇਕੇ ਡਾਇਣ ਕਿਸੇ ਭੱਖ ਲਿਆ ਹੈਂ ਵੇ ॥ ਸੁੰਞੀ ਸੇਜ ਨਿਖਸਮੜੀਦੇਖ ਮੇਰੀ ਕੋਈਆਨ ਦਲਿਦਰੀ ਪਿਆਹੈਂ ਵੇ ॥ ਮੈਂ ਤਾਂ ਸੱਠ ਸਹੇਲੀਆਂ ਨਾਲ ਖਲੀਆਂ ਕੋਈ ਵਡਾ ਗੁਮਾਨੀੜਾ ਪਿਆ ਹੈਂਵੇ॥ਬੁਰੇਦਿਨਾਂਦੀਆਂ ਏਹ ਨਿਸ਼ਾਨੀਆਂ ਨੀ ਵਸ ਸੋਦਿਆਂ ਦੇ ਅਜ ਪਿਆ ਹੈਂ ਵੇ ॥ ਵਾਰਸਸ਼ਾਹ ਤੂੰ ਜੀਂਵਦਾ ਘੂਕ ਸੁੱਤੋਂ ਇਕੇ ਮੌਤ ਆਈ ਮਰ ਗਿਆਹੈਂ ਵੇ॥

॥ ਕਲਾਮ ਸ਼ਾਇਰ ॥

ਕੂਕੇ ਮਾਰਹੀਮਾਰਤੇਪਕੜਛਮਕਾਂ ਪਰੀ ਆਦਮੀ ਤੇ ਕਹਿਰ ਵਾਨ ਹੋਈ॥ਰਾਂਝੇਉਠਕੇ ਆਖਿਆ ਵਾਹ ਸੱਜਨ ਹੀਰ ਹੱਸਕੇ ਤੇ ਮਿਹਰਬਾਨਹੋਈ॥ਕੱਛੇਵੰਝਲੀ ਕੰਨ ਵਿਚ ਵਾਲਾ ਜ਼ੁਲਫ਼ ਮੁੱਖੜੇ ਤੇ ਪਰੇਸ਼ਾਨ ਹੋਈ ॥ ਭੂੰਬੇ ਵਾਲ ਸੋਹਨੇ ਵਿੱਸੇ ਰੰਦ ਫਾਂਹੂੰਨਣੀ ਕੱਜਲੇ ਦੀ ਘਮਸਾਨ ਹੋਈ ॥ ਸੂਰਤ ਯੂਸਫ਼ ਦੀ ਵੇਖ ਤੈਮੂਸ ਬੇਟੀ ਸਣੇ ਮਾਲ ਤੇ ਜਾਨ ਕੁਰਬਾਨ ਹੋਈ ॥ ਆ ਬਗਲਵਿਚ ਬੈਠਕੇ ਕਰੇ ਗੱਲਾਂ ਜਿਵੇਂ ਵਿਚ ਕਰਬਾਨ ਕਮਾਨ ਹੋਈ ॥ ਭੁਲਾ ਹੋਇਆ ਤੈਨੂੰ ਨਹੀਂ ਮਾਰਬੈਠੀਕੋਈ ਗੱਲਨਾਹੀਂ ਸੈਸ਼ਾਨਹੋਈ॥ਰੂਪ ਜੱਟਦਾ ਦੇਖਕੇ ਜਾਗ ਲੱਧੀ ਹੀਰ ਘੋਲ ਘੱਤੀ ਕੁਰਬਾਨਹੋਈ॥ਵਾਰਸਸ਼ਾਹ ਨਾਂ ਖ਼ਾਊਂ ਹੈ ਮਾਰਨੇ ਦੀ ਚਾਰ ਚਸ਼ਮਦੀ ਜਦੋਂ ਘਮਸਾਨ ਹੋਈ ॥

॥ ਕਲਾਮ ਰਾਂਝਾ ॥

ਰਾਂਝਾਆਖਦਾਏਹਜਹਾਨ ਸੁਫ਼ਨਾਮਰਜਾਵਣਾਈ ਮਤਵਾਲੀਏ ਨੀ ॥ ਤੁਸਾਂ ਜੇਹਾਂ ਪਿਆਰਿਆਂ ਏਹ ਲਾਜ਼ਮ ਆਏ ਗਏ ਮੁਸਾਫ਼ਰਾਂ ਪਾਲੀਏਨੀ॥ਐਡਾ ਹੁਸਨ ਦਾ ਨਾ ਗੁਮਾਨਕਰੀਏ ਆਹਲੈ ਪਲੰਘ ਤੇ ਸਣੇ ਨਿਹਾਲੀਏ ਨੀ ॥ ਅਸਾਂ ਆਸਰਾ ਰੱਬਦਾ ਰੱਖਿਆ ਹੈ ਉਠ ਜਾਵਣਾ ਹੈ ਨੈਣਾਂ ਵਾਲੀਏ ਨੀ ॥

॥ ਕਲਾਮ ਹੀਰ ॥

ਅਜੀਪਲੰਘਤੇ ਹੀਰਸਭਖਾਂਏ ਤੇਰੀ ਘੋਲਘੱਤੀਆਂਜੀਉੜਾ

ਵਾਰਿਆਈ॥ਨਹੀਂ ਗਾਲਕੱਢੀ ਹੱਥਜੋੜਨੀਹਾਂ ਹੱਥਲਾ ਤੈਨੂੰ ਨਹੀਂ ਮ੍ਰਾਰਿਆਈ ॥ਅਸਾਂ ਹੱਸਕੇ ਆਨ ਸਲਾਮਕੀਤਾਆਖ ਕਾਸਨੂੰ ਮਕਰ ਪਸਾਰਿਆਈ ॥ਮੈਂਤਾਂ ਮਿੰਨਤਾਂ ਕਰਾਂ ਤੇਪੈਰ ਪਕੜਾਂ ਤੈਥੋਂ ਜਾਨਤੇ ਕੋੜਮਾਂ ਵਾਰਿਆਈ ॥ਸੂਵੀਸੇਜਧਈ ਤ੍ਰਿਞਣਚੈਨ ਨਾਹੀਂ ਅੱਲਾ ਵਾਲਿਆਵੇ ਸਾਨੂੰ ਤਾਰਿਆਈ॥ ਵਾਰਸਸ਼ਾਹ ਸ਼ਰੀਕਹੈ ਕੌਣ ਉਸਦਾ ਜਿਸਦਾ ਰੱਬ ਨੇ ਕੰਮ ਸਵਾਰਿਆਈ ॥

॥ ਕਲਾਮ ਰਾਂਝਾ ॥

ਮਾਨਮੱਤੀਏਰੂਪਸੰਗਾਰੀਏਨੀ ਅਠਖੇਲੀਏ ਰੰਗਰੰਗੀਲੀਏ ਨੀ॥ਆਸ਼ਕ ਭੌਰ ਫ਼ਕੀਰਤੇਨਾਗ ਕਾਲੇ ਬਾਝ ਮੰਤ੍ਰਾਂਮੂਲ ਨਾ ਕੀਲੀਏ ਨੀ ॥ ਪਕੜ ਹੁਕਮ ਹਥਜਾਰ ਤੇ ਚਲ਼ੂਨ ਹਾਥੀ ਕਰੇ ਸ਼ੁਹਦਿਆਂ ਨਾਲ ਬਖੀਲੀਏਨੀ ॥ ਏਹੁ ਜੋਬਨਾ ਠਗ ਬਾਜ਼ਾਰਦਾਹੈ ਟੂਨੇਹਾਰੀਏ ਛੈਲਛਬੀਲੀਏਨੀ॥ ਵਾਰਸਸ਼ਾਹ ਬਿਨ ਅਜ਼ਲ ਥੀਂ ਜ਼ਿਬਹ ਕਰੀਏ ਬੋਲੀ ਨਾਲ ਜ਼ੁਬਾਨ ਰਸੀਲੀਏ ਨੀ ॥

॥ ਕਲਾਮ ਹੀਰ ॥

ਘੋਲ ਘੋਲ ਘੱਤੀ ਤੇਰੀ ਵਾਟ ਉਤੋਂ ਬੇਲੀ ਦਸਖਾਂ ਕਿਧਰੋਂ ਆਵਨਾਂਹੈਂ ॥ ਕਿਸੇ ਮਾਨਮੱਤੀਘਰੋਂਕੱਢਿਓਂ ਤੂੰ ਜਿਸਵਾਸਤੇ ਫੇਰੀਆਂ ਪਾਵਨਾਹੈਂ॥ਕੌਣਛੱਡਆਇਓਂ ਪਿੱਛੇ ਮਿਹਰਵਾਲੀ ਜਿਸਵਾਸਤੇ ਤੂੰ ਪਛੋਤਾਵਨਾਂ ਹੈਂ॥ ਕੌਣ ਵਤਨ ਤੇ ਨਾਮ ਕੀ

ਸਾਈਆਂ ਦੇ ਅਤੇ ਜ਼ਾਤ ਦਾ ਕਉਣ ਸਦਾਵਨਾ ਹੈਂ ॥ ਤੇਰੇ
ਵਾਸਤੇ ਰੈਖਣੇਹੋਨੀਆਂ ਮੈਂ ਮੰਗੂਬਾਬਲੇਦਾ ਚਾਰਲਿਆਵਨਾ
ਹੈਂ ॥ ਮੰਗੂਬਾਬਲੇਦਾ ਤੂੰ ਤਾਂ ਚਾਕ ਮੇਰਾ ਏਹੋ ਵੰਦ ਲੱਗੇ ਜੇ
ਤੂੰ ਲਾਵਨਾਹੈਂ ॥ ਭਲੇ ਸ਼ੌਕ ਦੇ ਨਾਲ ਮੈਂ ਕਰਾਂ ਖ਼ਿਜ਼ਮਤਮੇਰੇ
ਦਿਲ ਨੂੰ ਤੂੰ ਭਲਾ ਭਾਵਨਾਹੈਂ ॥ ਵਾਰਸਸ਼ਾਹ ਛਪੱਕ ਜੇਨਵੀਂ
ਰੂਪੇ ਤੈਨੂੰ ਭੁੱਲ ਜਾਸਨ ਜੋ ਤੂੰ ਗਾਵਨਾ ਹੈਂ ॥

॥ ਜਵਾਬ ਰਾਂਝਾ ॥

ਤੁਸਾਂ ਜੇਹੇ ਮਾਸ਼ੂਕ ਜੇ ਹੋਣ ਰਾਜ਼ੀ ਮੰਦੂ ਨੈਣਾਂਦੀ ਧਾਰ ਵਿਚ
ਚਾਰੀਏ ਨੀ॥ ਨੈਣਾਂ ਤੇਰਿਆਂਦੇ ਅਸੀਂ ਹੋਏ ਚਾਕਰ ਜਿਵੇਂ
ਜੀਉ ਮੰਨੇ ਤਿ ੋਂ ਸਾਰੀਏ ਨੀ ॥ ਕਿੱਥੋਂ ਗੱਲ ਕੀਤੀ ਨਿੱਤ
ਨਾਲ ਤੇਰੇ ਕੋਈ ਬੈਠ ਵਿਚਾਰ ਵਿਚਾਰੀਏ ਨੀ ॥ ਤੇਰਾ ਮੁੱਖ
ਡਿਠੇ ਦੁਖ ਭੁਖ ਜਾਏ ਤੇਰੇ ਕੀਮਤੋਂ ਕਾਸਨੂੰ ਹਾਰੀਏਨੀ॥ ਗਲ
ਘੱਤ ਜੰਜਾਲ ਕੇ ਗਾਲ ਮੇਰੇ ਜਾਇ ਤ੍ਰਿਵਣੀ ਵੜੇਂ ਕੁਆਰੀਏਨੀ॥

॥ ਜਵਾਬ ਹੀਰ ॥

ਹੋਸਨ ਨਿੱਤ ਬਹਾਰ ਤੇ ਰੰਗ ਗੂੜ੍ਹੇ ਵਿਚ ਬੇਲਿਆਂ ਦੇ ਨਾਲ
ਬੇਲੀਆਂਦੇ॥ ਹੱਥਬੱਧੜੀ ਰਹਾਂ ਗੁਲਾਮ ਤੇਰੀ ਸਣੇ ਤ੍ਰਿੰਵਣਾਂ
ਨਾਲ ਸਹੇਲੀਆਂ ਦੇ ॥ ਸਾਨੂੰ ਰੱਬ ਨੇ ਚਾਕ ਘਰ ਮੇਲ ਦਿੱਤਾ
ਭੁਲ ਗਏ ਨੀ ਪਜਾਰ ਅਰ ਬੇਲੀਆਂਦੇ॥ ਦਿਨੇ ਬੇਲੀਆਂਦੇ
ਵਿਚ ਕਰਾਂ ਮੌਜਾਂ ਰਾਤੀਂ ਖੇਡਸਾਂ ਵਿਚ ਸਹੇਲੀਆਂਦੇ ॥

॥ ਜਵਾਬ ਰਾਂਝਾ ॥

ਨਾਲ ਨੱਢੀਆਂ ਘਿਨਕੇ ਚਰਖੜੇ ਨੂੰ ਤੁਸਾਂ ਬੈਠਣਾਂ ਵਿਚ ਭੰਡਾਰ ਹੀਰੇ ॥ ਅਸੀਂ ਰੁਲਾਂਗੇ ਆਨਕੇ ਵਿਚ ਵੇਹੜੇ ਸਾਡੀ ਕੋਈ ਨ ਲਏਗਾ ਸਾਰ ਹੀਰੇ ॥ ਧੱਕਾ ਦੇਇਕੇ ਵੇਹੜਿਓਂ ਕੱਢ ਛੱਡੋ ਸਾਨੂੰ ਠੱਗਕੇ ਮੂਲ ਨਾ ਮਾਰ ਹੀਰੇ ॥ ਸਾਡੇ ਨਾਲ ਜੇ ਤੋੜ ਨਿਬਾਹੁਣਾ ਈ ਸੱਚਾ ਦੇਹ ਖਾਂ ਕਉਲ ਕਰਾਰ ਹੀਰੇ ॥

॥ ਜਵਾਬ ਹੀਰ ॥

ਮੈਨੂੰ ਬਾਬਲੇ ਦੀ ਕਸਮ ਰਾਂਝਿਆ ਵੇ ਮਰੇ ਮਾਂ ਜੇ ਤੁਧ ਥੀਂ ਮੁਖ ਮੋੜਾਂ ॥ ਤੇਰੇ ਬਾਝ ਤੁਆਮ ਹਰਾਮ ਮੈਨੂੰ ਤੁਧ ਬਾਝ ਜੇ ਹੋਰ ਥੇ ਨੈਨ ਜੋੜਾਂ ॥ ਖ੍ਵਾਜਾ ਖ਼ਿਜ਼ਰ ਤੇ ਬੈਠਕੇ ਕਸਮ ਖਾਧੀ ਖਾਵਾਂ ਸੂਰ ਜੇ ਪ੍ਰੀਤ ਦੀ ਰੀਤ ਤੋੜਾਂ ॥ ਕੋੜ੍ਹੀ ਹੋਇਕੇ ਨੈਣ ਪਰਾਣ ਜਾਵਨ ਤੇਰੇ ਬਾਝ ਜੇ ਕੰਤ ਮੈਂ ਹੋਰ ਲੋੜਾਂ ॥

॥ ਜਵਾਬ ਰਾਂਝਾ ॥

ਚੋਤਾ ਮਾਮਲੇ ਪ੍ਰੇਨ ਤਾਂ ਭੱਜ ਜਾਸੇਂ ਇਸ਼ਕ ਜਾਲਨਾਂ ਖਰਾ ਦੁਹੇਲੜਾ ਈ ॥ ਤਾਬ ਇਸ਼ਕ ਦੀ ਝੱਲਣੀ ਖਰੀ ਔਖੀ ਇਸ਼ਕ ਗੁਰੂ ਤੇ ਜਗਤ ਸਭ ਚੇਲੜਾ ਈ ॥ ਸੱਚ ਆਖਣਾ ਹਈ ਤਾਂ ਆਖ ਮੈਨੂੰ ਏਹ ਸੱਚ ਤੇ ਝੂਠ ਦਾ ਵੇਲੜਾ ਈ ॥ ਮੈਥੋਂ ਹਾਰਕੇ ਬਚਨ ਜੇ ਭੱਜ ਜਾਸੇਂ ਅੰਤ ਰੋਜ਼ ਕਿਆਮਤੇ ਮੇਲੜਾ ਈ ॥

॥ ਜਵਾਬ ਹੀਰ ॥

ਤੇਰੇ ਨਾਮ ਤੋਂ ਜਾਨ ਕੁਰਬਾਨ ਕੀਤੀ ਜਾਨ ਮਾਲ ਤੇਰੇ ਉਤੋਂ

ਵਾਰਿਆਈ॥ਪਾਸਾ ਜਾਨਤੇ ਸੀਸ ਮੈਂ ਲਾਬੈਠੀਹੁਸਾਂਜਿਤਿਆ ਤੇ ਅਸਾਂ ਹਾਰਿਆਈ॥ ਰਾਂਝਾ ਜੀਉਦੇ ਵਿਚ ਯਕੀਨ ਕਰਕੇ ਮਹਿਰ ਚੂਚਕੇ ਵਲ ਸਿਧਾਰਿਆਈ॥ ਅੱਗੇ ਪੈਂਚਨੀ ਹੋਇਕੇ ਹੀਰ ਚਲੀ ਕੋਲ ਰਾਂਝੇਨੂੰ ਚਾਇ ਖਲਿਆਰਿਆਈ॥

॥ ਹੀਰ ਬਾਪਨੂੰ ਆਖਦੀ ਹੈ ॥

ਹੀਰਆਖਦੀਜਾਇਕੇਬਾਬਲਾਵੇਤੇਰੇਨਾਮਤੋਂਘੋਲਘੁਮਾਈਆਂ ਮੈਂ॥ਜਿਸਬਾਪਦੇ ਹੁਕਮਦੇ ਰਾਜ ਅੰਦਰ ਸੈਦਲਬਾਰਦੇ ਵਿਚ ਖਿਡਾਈਆਂ ਮੈਂ॥ ਲਾਸਾਂ ਪੱਟ ਦੀਆਂ ਪਾਇਕੇ ਬਾਗ਼ ਕਾਲੋਂ ਪੀਂਘਾਂ ਸ਼ੌਕਦੇ ਨਾਲ ਸੀ ਪਾਈਆਂ ਮੈਂ॥ ਮੇਰੀ ਜਾਨ ਬਾਬਲ ਜੀਵੇ ਧੌਲ ਰਾਂਝਾ ਮਾਹੀ ਮਹੀਂ ਦਾ ਢੂੰਡ ਲਿਆਈਆਂ ਮੈਂ॥

॥ ਬਾਪ ਹੀਰ ਪਾਸੋਂ ਹਾਲ ਰਾਂਝੇ ਦਾ ਪੁੱਛਦਾ ਹੈ ॥

ਬਾਪ ਹੱਸਕੇ ਪੁੱਛਿਆ ਕੌਣਹੁੰਦਾ ਇਹਮੁੰਡੜਾ ਕਿਸੇ ਸਰਕਾਰ ਦਾਈ॥ ਹੱਥ ਲਾਇਆਂ ਪਿੰਡੇ ਤੇ ਦਾਗ਼ ਪੈਂਦੇ ਏਹ ਮਹੀਂ ਦੇ ਨਹੀਂ ਦਰਕਾਰਦਾਈ॥ ਮਾਲ ਆਪਣਾ ਸਾਂਭਕੇ ਘਰਲਜਾਵੇ ਹੋਰ ਕੰਮ ਨਾ ਕਰੇ ਵਗਾਰਦਾਈ॥ਹੱਕੇ ਨਾਲ ਪਿਆਰਦੇ ਹੂਕ ਦੇਕੇ ਸੋਟਾ ਸਿੰਙਾਂ ਤੇ ਮੂਲ ਨਾ ਮਾਰਦਾਈ॥ ਵੱਸੇ ਨੂਰ ਅਲਾਹ ਦਾ ਮੁੱਖੜੇ ਤੇ ਦਿਲੋਂ ਰੱਬ ਹੀ ਰੱਬ ਪੁਕਾਰਦਾਈ॥ ਕੇਹੜੇ ਚੌਧਰੀ ਦਾ ਪੁੱਤ੍ਰ ਕੌਣ ਜ਼ਾਤੋਂ ਕਿਹਾ ਅਕਲ ਸ਼ਊਰ ਦਾ ਕੋਟ ਹੈ ਨੀ॥ਕੀਕੂੰ ਰਿਜ਼ਕ ਨੇ ਆਨ ਉਦਾਸ ਕੀਤਾ ਏਨੂੰ ਕੇਹੜੇ ਪੀਰਦੀ ਓਟਹੈ ਨੀ॥ ਫ਼ੌਜਦਾਰ ਵਾਂਗੂੰ ਕਟ ਕੂਚ ਧਾਨਾਂ ਜਿਵੇਂ

ਮਾਰ ਨਗਾਰੇ ਦੀ ਚੋਟ ਹੈ ਨੀ॥ ਕਿਨ੍ਹਾਂ ਜੱਟਾਂ ਦਾ ਪੁੱਤ੍ਰ ਕੌਣ ਕੌਈ ਵਤਨ ਏਸਦਾ ਕੇਹੜਾ ਕੋਟ ਹੈ ਨੀ॥

॥ ਜਵਾਬ ਹੀਰ॥

ਪੁੱਤ੍ਰ ਤਖ਼ਤ ਹਜ਼ਾਰੇ ਦੇ ਚੌਧਰੀ ਦਾ ਰਾਂਝਾ ਜ਼ਾਤ ਦਾ ਜੱਟ ਅਸੀਲ ਹੈ ਜੀ॥ ਇਸਦਾ ਖ਼ੀਬੜਾ ਮੁਖ ਤੇ ਨੈਨ ਨਿੰਮੇ ਸੋਹਣੀ ਛੈਲ ਜੇਹੀ ਇਸਦੀ ਡੀਲ ਹੈ ਜੀ॥ ਮੱਥਾ ਚਮਕਦਾ ਏਸਦਾ ਨੂਰ ਭਰਿਆ ਸਖੀ ਜੀਉਂਦਾ ਨਹੀਂ ਬਖ਼ੀਲ ਹੈ ਜੀ॥ ਗੱਲ ਸੋਹਣੀ ਪਰ੍ਹੇ ਦੇ ਵਿਚ ਕਰਦਾ ਖੋਜ ਲਾਏ ਤੇ ਨਿਆਉਂ ਵਕੀਲ ਹੈ ਜੀ॥

॥ ਜਵਾਬ ਚੂਚਕ॥

ਕਿਨ੍ਹਾਂ ਡੋਗਰਾਂ ਜੱਟਾਂ ਦੇ ਨਿਆਉਂ ਜਾਣੇ ਪਰ੍ਹੇ ਵਿਚ ਦਲਾਵਰੀ ਲਾਈਆਂ ਦੇ॥ ਕਿਸ ਗਲ ਤੋਂ ਰੁੱਸ ਕੇ ਉਠ ਆਇਆ ਕੀਕਰ ਹੋਗਿਆਸੀ ਨਾਲ ਇਹ ਭਾਈਆਂ ਦੇ॥ ਪਾੜ ਚੀਰ ਕਤਜਾਂਵਦਾ ਕਿਸੇ ਦੇ ਸੌਂ ਲੜਿਆ ਕਾਸ ਨੂੰ ਨਾਲ ਹੈ ਭਾਈਆਂ ਦੇ॥ ਵਾਰਸਸ਼ਾਹ ਨ ਏਸ ਤੋਂ ਨਫ਼ਾ ਕੋਈ ਜੇੜ੍ਹਾ ਰੁਸ ਆਇਆ ਨਾਲ ਭਾਈਆਂ ਦੇ॥

॥ ਜਵਾਬ ਹੀਰ॥

ਲਾਈ ਹੋਇ ਇਕੋ ਮਾਮਲੇ ਦੱਸ ਦੇਂਦਾ ਮੁਨਸਫ਼ ਹੋਇ ਵੱਡੇ ਵਾਹੇ ਵੇੜ੍ਹਿਆਂ ਦੇ॥ ਵਾਹੋ ਕੱਢ ਕੇ ਕੀਦੇ ਤੇ ਵੈਰ ਲਾਵੇ ਹਥੋਂ ਕਢ ਦੇਂਦਾ ਖੋਜ ਭੇੜਿਆਂ ਦੇ॥ ਧਾਰ ਧਾਰ ਦੀ ਮੁਹਰ ਵਿਵਾਂਵਦਾ ਈ ਧੁੱਪ ਛੱਤਦਾ ਵਿਚ ਬਖੇੜਿਆਂ ਦੇ॥ ਏਹੋ ਸਾਰੇ ਵਹੀਰ ਨੂੰ ਸ਼ਾਂਤ ਕਰਾਵੇ ਅੱਖੀਂ ਵਿਚ ਰਖੇ ਵਾਂਗ ਹੇੜਿਆਂ ਦੇ॥ ਸਹਿਆਂ ਨੂੰ ਨਾਂ

ਵਾਭਲਾਹੇ ਚਾਕਮੇਰਾ ਜਿਥੇ ਲੋਕ ਪੌਂਦੇ ਨਿਤ ਝੇੜਿਆਂਵੇ ॥

॥ ਜਵਾਬ ਚੂਚਕ ॥

ਤੇਰਾ ਆਖਿਆ ਅਸਾਂ ਮਨਜ਼ੂਰ ਕੀਤਾ ਮਹੀਂ ਦੇਹ ਸੰਭਾਲ ਕੇ
ਸਾਰੀਆਂਨੀ ॥ ਖਬਰਦਾਰ ਰਹੇਮਹੀਂ ਵਿਚ ਖਲਾ ਬੇਲੇਵਿਚ
ਮੁਸ਼ਕਿਲਾਂ ਭਾਰੀਆਂਨੀ॥ ਰਲਾ ਕਰੇਂਨਾਹੀਂ ਨਾਲ ਖੀਵਿਆਂਦੇ
ਏਸਕਦੇ ਨਾਹੀਂ ਮੱਝੀ ਚਾਰੀਆਂਨੀ॥ਮਝੀਂਖੇੜ ਹੁੱਥੇਖੜੀਆਂ
ਜਾਨ ਮੱਝੀਂਹੋਨ ਪਿੰਡਦੇ ਵਿਚ ਖੁਆਰੀਆਂ ਨੀ ॥

॥ ਜਵਾਬ ਹੀਰ ॥

ਪਾਸ ਮਾਪਿਆਂਦੇ ਨੱਢੀ ਨੇ ਗੱਲ ਕੀਤੀ ਚਾਕ ਮਹੀਂਦਾ ਭਾਲਕੇ
ਛੇੜਿਆ ਮੈਂ ॥ ਨਿਤਪਿੰਡਦੇਵਿਚ ਵਿਚਾਰ ਪੌਂਦੀ ਏਹਝਗੜਾ
ਚਾਇ ਨਬੇੜਿਆ ਮੈਂ ॥ ਸੁੱਖਾ ਨਿੱਤ ਰੁਲੇ ਮੰਗੂ ਵਿਚ ਬੇਲੇ
ਮਾਹੀ ਸੁਘੜਤਾਂ ਆਨ ਸਹੇੜਿਆ ਮੈਂ ॥ ਮਾਏ ਕਰਮ ਜਾਗੇ
ਸਾਈਂ ਮਿਹਰ ਕੀਤੀ ਓਹ ਅਸਲ ਜਟੇਟੜਾ ਛੇੜਿਆ ਮੈਂ॥

॥ ਹੀਰ ਰਾਂਝੇ ਨੂੰ ਕਹਿੰਦੀ ਹੈ ॥

ਮੱਖਣਖੰਡ ਪਰਾਉਂਠੇਖਾਹਾਣੀਆਂ ਮਹੀਂਛੇੜਦੇ ਰੱਖਦੇ ਵਾਸਤੇ
ਤੇ॥ਸੁਨੀ ਗੱਭਰੂ ਚਾਕ ਰੰਝੇਟਿਆ ਓਇ ਗੁਜ਼ਰ ਹੋਵਸੀ ਦੁਧ
ਦੇ ਕਾਸੜੇ ਤੇ ॥ ਹੀਰ ਆਖਿਆ ਰੱਬ ਦਾਤਾਰ ਤੇਰਾ ਮੀਆਂ
ਜਾਈਂ ਨਾ ਲੋਕਾਂ ਦੇ ਹਾਸੜੇ ਤੇ ॥ ਮਹੀਂ ਛੇੜਕੇ ਝੱਲ ਦੇ
ਵਿਚ ਮੀਆਂ ਆਪ ਹੋਇ ਬੈਠੀਂ ਇਕ ਪਾਸੜੇ ਤੇ ॥

॥ ਰਾਂਝਾ ਬੇਲੇ ਵਿਚ ਰਲਿਆ ॥

ਬੇਲੇ ਰੱਬ ਦਾ ਨਾਮ ਲੈ ਜਾਇ ਵੜਿਆ ਹੋਯਾ ਧੁੱਪ ਦੇ ਨਾਲ ਜ਼ਹੀਰ ਮੀਆਂ॥ ਉਸਦੀ ਨੇਕ ਸਾਇਤ ਰੁਜੂਆਨ ਹੋਈ ਮਿਲੇ ਰਾਹ ਜਾਂਦੇ ਪੰਜ ਪੀਰ ਮੀਆਂ॥ ਬੱਚਾ ਖਾਹ ਚੂਰੀ ਰੇਵੀਂ ਮੱਝ ਚਾਰੀ ਦਿਲ ਵਿਚ ਨਾ ਹੋਇ ਦਿਲਗੀਰ ਮੀਆਂ॥ ਕਾਈ ਨੱਢੜੀ ਸੋਹਣੀ ਬਖਸ਼ ਦੇਵੋ ਪੂਰੇ ਰੱਬ ਦੇ ਹੋ ਤੁਸੀਂ ਪੀਰ ਮੀਆਂ ॥ ਹੀਰ ਬਖਸ਼ੀ ਦਰਗਾਹ ਤੋਂ ਤੁਧ ਤਾਂਈਂ ਸਾਨੂੰ ਯਾਦ ਕਰੀਂ ਪਈ ਭੀੜ ਮੀਆਂ ॥

॥ ਜਵਾਬ ਪੀਰ ॥

ਖ੍ਵਾਜਾ ਖਿਜ਼ਰ ਤੇ ਸ਼ਕਰਗੰਜ ਨੂਰ ਗੌਹਰੀ ਮੁਲਤਾਨ ਦਾ ਜ਼ਕਰੀਆ ਪੀਰ ਨੂਰੀ ॥ ਹੋਰ ਸੱਯਦ ਜਲਾਲ ਬੁਖਾਰੀਆ ਸੀ ਅਤੇ ਲਾਲ ਸ਼ਹਬਾਜ਼ ਬਹਿਸ਼ਤ ਨੂਰੀ॥ ਕੁਰਤਾ ਖਿਜ਼ਰ ਰੁਮਾਲ ਸ਼ਕਰਗੰਜ ਬਖਸ਼ਿਆ ਮੁੰਦਰਾ ਲਾਲ ਸ਼ਹਬਾਜ਼ ਦੇ ਨੂਰ ਪੂਰੀ ॥ ਖੰਜਰ ਸਯਦ ਜਲਾਲ ਬੁਖਾਰੀ ਦਿੱਤਾ ਖੂੰਡੀ ਜ਼ਕਰੀਏ ਪੀਰ ਨੇ ਹਿੱਕ ਪੂਰੀ ॥ ਤੈਨੂੰ ਭੀੜ ਪਵੇ ਕਰੀਂ ਯਾਦ ਜੱਟਾ ਨਹੀਂ ਸਮਝਨਾਂ ਅਸਾਂ ਨੂੰ ਪਲਕ ਦੂਰੀ ॥

॥ ਕਲਾਮ ਸ਼ਾਇਰ ॥

ਹੀਰ ਜਾਇ ਛੱਤਾ ਖੰਡ ਖੀਰ ਮੱਖਣੀ ਮੀਏਂ ਰਾਂਝੇ ਦੇ ਪਾਸ ਲੈ ਆਂਵਦੀ ਹੈ॥ ਤੇਰੇ ਵਾਸਤੇ ਜੂਹ ਮੈਂ ਭਾਲ ਥੱਕੀ ਰੋਰੋ ਆਪਣਾ ਹਾਲ ਸੁਣਾਵਦੀ ਹੈ॥ ਕੈਦੋ ਢੂੰਡਦਾ ਫੇਜਨੂੰ ਰੋਵੇਂ ਦਾ ਬਾਸ

ਚੂਰੀ ਵੀ ਲੈਲਿਕੇ ਆਂਵਦੀ ਹੈ ॥ ਵਾਰਸਸ਼ਾਹ ਮੀਆਂ ਵੇਖ ਦੇਗ ਲੈਂਝੀ ਚਾਨਣਕ ਦੀ ਕਲਾ ਜਗਾਉਂਦੀ ਹੈ ॥

॥ ਰਾਂਝੇ ਚੂਰੀ ਦਿੱਤੀ ਕੈਦੋ ਨੂੰ ॥

ਹੀਰ ਗਈ ਜਾਂ ਨਦੀ ਤੇ ਲੈਣ ਪਾਣੀ ਕੈਦੋ ਆਣਕੇ ਮੁਖ ਵਿਖਾਉਂਦਾ ਈ॥ਅਸੀ ਭੁਖਨੇ ਆਨ ਖਰਾਬ ਕੀਤੇ ਆਇਸੁਆਲ ਖਦਾਇਦਾ ਪਾਉਂਦਾ ਈ॥ਰਾਂਝੇ ਰੁਗਭਰਕੇ ਚੂਰੀਦਾ ਇਦਿੱਤੀ ਲੈਕੇ ਤੁਰਤਹੀ ਪਿੰਡਨੂੰ ਜਾਉਂਦਾ ਈ॥ਰਾਂਝਾਹੀਰ ਨੂੰ ਪੁਛਦਾ ਏਹ ਲੰਙਾ ਹੈ ਕੌਣ ਫਕੀਰਕਿਸਖਾਉਂਦਾ ਈ ॥ ਵਾਰਸਸ਼ਾਹ ਮੀਆਂ ਜਿਵੇਂ ਪੱਛਕੇਤੇ ਲੂਣੀਉਂ ਪਰੋਲਨ ਲਾਉਂਦਾ ਈ॥

॥ ਕਲਾਮ ਰਾਂਝਾ ॥

ਹੀਰਆਖਿਆ ਰਾਂਝਣਾਂ ਬੁਰਾਕੀਤੋਤੇਂ ਤਾਂਪੁਛਣਾਸੀ ਦੁਰਕਾਰ ਕੇਤੇ ॥ ਮੈਤਾਂ ਜਾਣਦਾ ਨਹੀਂਸਾਏਹ ਸੂਆ ਖੈਰਮੰਗਿਆ ਸੂ ਮੈਥੋਂ ਆਇ ਕੇਤੇ ॥ ਖੈਰਲੈਂਦਾਈਪਿਛਾਂਨੂੰ ਉਠਨੱਠਾ ਤੁਰਤ ਵੇਂਗਿਆਕਿਹ ਵਲਾਇਕੇਤੇ ॥ ਨੇੜੇਜਾਂਦਾਈਜਾ ਮਿਲਨੱਢੀਏ ਨੀ ਜਾਇਪੁਛਲੈ ਗੱਲ ਸਮਝਾਇਕੇਤੇ ॥ ਵਾਰਸਸ਼ਾਹ ਮੀਆਂ ਉਸਤੋਂਗੱਲਪੁਛੀਂ ਦੌੜਿਕ ਅੱਡੀਆਂ ਹਿਕਦਿਖਲਾਇਕੇਤੇ ॥

॥ ਕਲਾਮ ਹੀਰ ॥

ਹੀਰਆਖਦੀ ਰਾਂਝਣਾ ਬੁਰਾ ਕੀਤਾ ਸਾਡਾ ਕੰਮਹੈਗਾਨਾਲ ਵੈਰੀਆਂਦੇ ॥ ਸਾਡੇਖੋਜਨੂੰ ਤੱਕਕੇ ਕਰੇ ਚੁਗਲੀ ਦਿਨੇਰਾਤ ਹੈ ਵਿੱਚ ਸ਼ਰਿਆਰੀਆਂਦੇ॥ਮਿਲੇ ਮਿਰਾਂਨੂੰਏਹ ਵਿਛੋੜਦੇ ਦਾ

ਭੀੜ ਘੱਤਦਾ ਵਿਚ ਕੁੜਮਾਈਆਂ ਦੇ ॥ ਬਾਬਲ ਅੰਬੜੀ ਤੇ ਜਾਇ ਨਿੱਠ ਕਰਸੀ ਅਤੇ ਆਖਸੀ ਪਾਸ ਭਰਜਾਈਆਂ ਦੇ॥

॥ ਹੀਰ ਨੇ ਕੈਦੋ ਨੂੰ ਫੜਿਆ ॥

ਮਿਲੀ ਆਨਕੇ ਰਾਹ ਵਿਚ ਦੌੜ ਨੱਢੀ ਪਹਿਲੇ ਨਾਲ ਫਰੇਬ ਦੇ ਸੌਂਦਿਆ ਸੂ॥ ਨੇੜੇ ਆਇਕੇ ਸ਼ੀਹਣੀ ਵਾਂਗ ਗਰਜੀ ਅੱਖੀਂ ਰੋਹ ਦਾ ਨੀਰ ਪਲੱਟਿਆ ਸੂ॥ ਸਿਰੋਂ ਲਾਹ ਟੋਪੀ ਗਲੋਂ ਤੋੜ ਸੇਲ੍ਹੀ ਲੱਕੋਂ ਚਾਇ ਜ਼ਮੀਨ ਤੇ ਸੌਂਟਿਆ ਸੂ ॥ ਪਕੜ ਜ਼ਿਮੀਂ ਤੇ ਮਾਰਿਆ ਨਾਲ ਗੁੱਸੇ ਧੋਬੀ ਪਟੜੇ ਤੇ ਖੇਸ ਛੱਟਿਆ ਸੂ ॥ ਵਾਰਸ ਸ਼ਾਹ ਫ਼ਰਿਸ਼ਤਿਆਂ ਅਰਸ਼ ਉੱਤੋਂ ਸ਼ੈਤਾਨ ਨੂੰ ਜ਼ਿਮੀਂ ਤੇ ਸੌਂਟਿਆ ਸੂ॥

॥ ਕਲਾਮ ਹੀਰ ॥

ਹੀਰ ਢਾਹਕੇ ਆਖਦੀ ਮੀਆਂ ਚਾਚਾ ਚੂਰੀ ਦੇਹ ਜੇ ਖੀਵਿਆ ਲੈੜਨਾ ਹੈਂ ॥ ਨਹੀਂ ਮਾਰਕੇ ਜਿੰਦ ਗਵਾਇ ਦੇਸਾਂ ਮੈਨੂੰ ਕਿਸੇ ਨਾ ਹਟਕਨਾ ਹੋੜਨਾ ਹੈਂ ॥ ਭੰਨ੍ਹ ਹੱਥ ਤੇ ਪੈਰ ਲਟਕਾਇ ਦੇਸਾਂ ਨਰ ਲੜਕੀਆਂ ਨਾਲ ਕਿਉਂ ਜੋੜਨਾ ਹੈਂ ॥ ਚੂਰੀ ਦੇਹ ਖਾਂ ਨਾਲ ਹਿਯਾਉ ਆਪੇ ਕੇਹੇ ਅਸਾਂ ਦੇ ਨਾਲ ਅਜੋੜਨਾ ਹੈਂ ॥

॥ ਕਲਾਮ ਕੈਦੋ ॥

ਅੱਧੀ ਭੁਲ੍ਹ ਗਈ ਅੱਧੀ ਖੋਹ ਲਈ ਹੁਣ ਮੈਲਕੇ ਪਰ੍ਹੇ ਤੇ ਜਿਆਉਂਦਾ ਈ॥ ਕਿਹਾ ਮੈਂ ਵੇਨਹੀ ਸੀ ਮੂਲ ਮੇਰਾ ਚੂਲੀ ਪੱਲਿਉਂ ਖੋਲ੍ਹ ਵਿਖਾਉਂਦਾ ਈ ॥ ਨਹੀਂ ਚੂਰ ਕੇ ਨੂੰ ਕਈ ਮਤਦੇਂ ਦਾ ਨੱਢੀ ਮਾਰਕੇ ਨਹੀਂ ਸਮਝਾਉਂਦਾ ਈ॥ ਚਾਕ ਨਾਲ ਅਕੱਲ ਕੀ ਜਾਇ

ਬੇਲੇ ਅੱਜ ਕੱਲ ਕੋਈ ਲੀਕ ਲਾਉਂਦਾਈ ॥ ਜਿਸ ਵੇਲੜੇ ਮਹਿਰਨੇ ਸਾਕ ਰੱਖਿਆ ਉਸਵੇਲੜੇ ਨੂੰ ਪਛੋਤਾਉਂਦਾਈ ॥

॥ ਜਵਾਬ ਕੂਕਕ ॥

ਕੂਕਕ ਆਖ ਜ਼ਾਹੂੜੀਆਂ ਕਰੇਂ ਗੱਲਾਂ ਹੀਰ ਖੇਡਦੀ ਵਿਚ ਸਹੇਲੀ-ਆਂ ਦੇ। ਪੀਂਘਾਂ ਪਾ ਇਕੇ ਸੱਈਆਂ ਦੇ ਨਾਲ ਝੂਟੇ ਤ੍ਰਿੰਞਣ ਜੋੜਦੀ ਵਿੱਚ ਹਵੇਲੀਆਂ ਦੇ ॥ ਇਹ ਹੁਕਮ ਜਹਾਨ ਦਾ ਮਗਰ ਲੱਗਾ ਫਕਰ ਜਾਨਦੇ ਹੋ ਨਾਲ ਸੇਲ੍ਹੀਆਂ ਦੇ ॥ ਕਦੇ ਨਾਲ ਮਦਾਰੀਆਂ ਭੰਗ ਘੋਟੇ ਕਦੇ ਜਾਇ ਨੱਚੇ ਵਿਚ ਚੇਲੀਆਂ ਦੇ ॥ ਕਦੇ ਕੱਪੜੇ ਸਾਕ ਦੇ ਨਾਲ ਰੰਗੇ ਕਦੇ ਨਾਲ ਖਪੇ ਵਿਚ ਬੇਲੀਆਂ ਦੇ ॥ ਨਹੀਂ ਕੂਹੜੇ ਦਾ ਪੁਤ ਹੋਇ ਸੱਯਦ ਘੋੜੇ ਹੋਣ ਨਹੀਂ ਬੱਚੇ ਲੇਲੀਆਂ ਦੇ ॥ ਵਾਰਸਸ਼ਾਹ ਫਕੀਰ ਨ ਹੋਨ ਹਰਗਿਜ਼ ਪੁਤ ਜੱਟਾਂ ਤੇ ਮੋਚੀਆਂ ਤੇਲੀਆਂ ਦੇ ॥

॥ ਕਲਾਮ ਲੋਕਾਂ ॥

ਮਾਉਂ ਹੀਰ ਦੀ ਤੇ ਲੋਕ ਕਰਨ ਚੁਗਲੀ ਤੇਰੀ ਮਲਕੀਏ ਧੀ ਖ਼ਰਾਬ ਹੈਨੀ ॥ ਅਸੀਂ ਮਾਸੀਆਂ ਫੁਫੀਆਂ ਜਲ ਮੋਈਆਂ ਸਾਡਾ ਅੰਦਰੋਂ ਜੀਉ ਕਬਾਬ ਹੈਨੀ ॥ ਚਾਕਾਂ ਨਾਲ ਅਕੱਲੀਆਂ ਜਾਨ ਧੀਆਂ ਹੋਯਾ ਮਾਪਿਆਂ ਵੱਲੋਂ ਜਵਾਬ ਹੈਨੀ ॥ ਤੇਰੀ ਧੀ ਦਾ ਮਗ਼ਜ਼ ਹੈ ਬੇਗ਼ਮਾਂ ਦਾ ਵੇਖੇ ਚਾਕ ਜਿਉਂ ਫਿਰੇ ਨਵਾਬ ਹੈਨੀ ॥ ਸ਼ਮਸਦੀਨ ਕਾਜ਼ੀ ਨਿਤ ਕਰੇ ਮਸਲੇ ਸ਼ੇਖ਼ ਧੀ ਦਾ ਵਿਆਹ ਸਵਾਬ ਹੈਨੀ ॥ ਵਾਰਸਸ਼ਾਹ ਮੂੰਹ ਉਂਗਲਾਂ ਲੋਕ ਘੱਤਨ ਧੀ

ਮਲਕੀ ਦੀ ਪੁੱਜ ਖ਼ਰਾਬ ਹੋਨੀ ॥

॥ ਕਲਾਮ ਚੂਚਕ ॥

ਚੂਚਕ ਆਖਿਆ ਧੀ ਵਿਆਹ ਮਲਕੀ ਮਾਰ ਰੱਖਦੀ ਹੈਂ ਤੈਨੂੰ ਡਾਇਣੇ ਨੀ ॥ ਇਕੋ ਮਾਰਕੇ ਵਢਕੇ ਕਰੋ ਟੁਕੜੇ ਇਕੇ ਡੂੰਨ ਰੋਆਂ ਨਾਲ ਮੋਇਣੇ ਨੀ ॥ ਵੇਖ ਧੀ ਦਾ ਲਾਡ ਕੀ ਦੰਦ ਕੱਢੇਂ ਮਾਰ ਰੱਖਦੀ ਹਈ ਕਸਾਇਣੇ ਨੀ ॥ ਇਕੋ ਥੰਨ੍ਹ ਤੇਰੇ ਵਿਚ ਚਾਇ ਘੱਤੋ ਜਿਵੇਂ ਵਾਂਗ ਬਛੇਰੇ ਦੇ ਆਇਣੇ ਨੀ ॥

॥ ਕਲਾਮ ਮਲਕੀ ॥

ਗੁਸੇ ਨਾਲ ਮਲਕੀ ਤਪ ਲਾਲ ਹੋਈ ਝੱਬ ਦੌੜ ਤੂੰ ਮਿੱਠੀਏ ਨਾਇਣੇ ਨੀ॥ ਸੱਦ ਲਿਆ ਤੂੰ ਹੀਰ ਨੂੰ ਪਾਸ ਮੇਰੇ ਚਲੂੰ ਮਾਇ ਮਦੇਂਦੀ ਹੈ ਡਾਇਣੇ ਨੀ॥ ਖੜ ਦੁੰਬੀਏ ਮੋਹਨੀਏਂ ਪਾਜ਼ੀਏ ਨੀ ਮੁਸ਼ਟੰਡੀਏ ਵਾਂਗ ਦੀਵਾਇਣੇ ਨੀ ॥ ਵਾਰਸ ਸ਼ਾਹ ਵਾਗੂੰ ਕਿਤੇ ਡੁਬ ਮੁਈਏਂ ਘਰ ਆਇ ਸਿਆਪੇ ਦੀਏ ਨਾਇਣੇ ਨੀ ॥

॥ ਹੀਰ ਘਰ ਆਈ ॥

ਹੀਰ ਹੱਸ ਕੇ ਆਖਦਾ ਆਇ ਕੇ ਤੇ ਅੰਨੀ ਭਾਣਨੀ ਅੰਬੜੀ ਏ ਮੇਰੀ ਏ ਨੀ॥ ਗੁੱਸੇ ਨਾਲ ਮਲਕੀ ਅੱਗੋਂ ਆਖਦੀ ਏ ਸਾਨੂੰ ਪੱਟਿ ਵਿਗਾੜ ਦੀਏ ਚੋਰੀਏ ਨੀ॥ ਤੈਨੂੰ ਡੂੰਘੜੇ ਖੂਹ ਵਿਚ ਚਾਇ ਡੋਬਾਂ ਗੱਲ ਸੁਣੀ ਤੂੰ ਖੱਚੀਏ ਮੇਰੀਏ ਨੀ॥ ਧੀ ਜੁਆਨ ਜੇ ਕਿਸੇ ਦੀ ਬੁਰੀ ਹੋਵੇ ਚੁਪ ਕੀਤੜੇ ਚਾ ਨਬੇੜੀਏ ਨੀ॥ ਵਾਰਸ ਜੀਉਂਦੇ ਹੋਣ ਜੇ ਬੈਣ ਭਾਈ ਚਾਕ ਚੋਬਰਾਂ ਨਹੀਂ ਸਹੇੜੀਏ ਨੀ ॥

॥ ਕਲਾਮ ਮਲਕੀ ॥

ਭੈਰੇ ਵੀਰ ਸੁਲਤਾਨ ਨੂੰ ਖਬਰ ਹੋਵੇ ਫ਼ਿਕਰ ਕਰੇਗਾ ਤੇਰੇ ਮੁਕਾਵਣੇ ਦਾ ॥ ਚੂਚਕ ਆਪਣੇ ਰਾਂਝ ਨੂੰ ਲਾਜ ਲਾਵੇਂਗੀ ਫਾਇਦਾ ਨਾਂਹ ਲੜਾਵਣੇ ਦਾ॥ ਰਾਣੀ ਕਾਕ ਨੂੰ ਜਾਇ ਜਵਾਬ ਦੇਸਾਂ ਸ਼ੌਕ ਨਹੀਂ ਏਹ ਮਹੀਂ ਚਰਾਵਣੇ ਦਾ ॥ ਨੱਕ ਵੱਢਕੇ ਕੋੜਮਾ ਗਾਲਿਆਈ ਏਹ ਫਾਇਦਾ ਗਾਹਿਨਿਆਂ ਪਾਵਣੇ ਦਾ ॥ ਉਰੇ ਆਉ ਮੈਂ ਲਾਹ ਲਾਂਸ ਛਡਾਂ ਪਹਨੇ ਕੇਰਾ ਫਾਇਦਾ ਜੇ ਵਰਾਂ ਲਾਵਣੇ ਦਾ॥ ਵਾਰਸ ਸ਼ਾਹ ਮੀਆਂ ਏਸ ਛੋਕਰੀ ਦਾ ਚਿੱਤ ਹੋਯਾ ਹੈ ਲਿੰਗ ਕੁਟਾਵਣੇ ਦਾ ॥

॥ ਕਲਾਮ ਹੀਰ ॥

ਮਾਏ ਰੱਬ ਨੇ ਚਾਕ ਘਰ ਘੱਲਿਆਈ ਤੇਰੇ ਹੋਣ ਨਸੀਬ ਜੇ ਧੁਰੋਂ ਚੰਗੇ॥ ਏਹੋ ਜੇਹੇ ਜੇ ਆਦਮੀ ਹਿੱਥ ਆਵਣ ਸਾਰਾ ਮੁਲਖ ਹੀ ਰੱਬ ਤੋਂ ਦੁਆ ਮੰਗੇ ॥ ਜੇਹੜੇ ਰੱਬ ਕੀਤੇ ਕੰਮ ਹੋਇ ਰਹੇ ਸਾਨੂੰ ਮਾਊਂ ਕਿਉਂ ਦੇਨੀ ਹੈਂ ਫੇਰ ਪੰਗੇ ॥ ਕੁਲ ਸਿਆਣਿਆਂ ਮੁਲਕ ਨੂੰ ਮੱਤ ਦਿਤੀ ਤੇਰਾ ਮੋਹਰਿਆਂ ਇਸ਼ਕ ਨਾ ਕਰੋ ਨੰਗੇ॥ ਨਹੀਂ ਛੱਡੀਏ ਗੱਲ ਦਿਆਂ ਪੂਰਿਆਂ ਨੂੰ ਜਿਨ੍ਹਾਂ ਕੱਪੜੇ ਖ਼ਾਕ ਦੇ ਨਾਲ ਰੰਗੇ ॥ ਜਿਨ੍ਹਾਂ ਇਸ਼ਕ ਦੇ ਮਾਮਲੇ ਸਿਰੀਂ ਚਾਏ ਵਾਰਸਸ਼ਾਹਾ ਨਾ ਕਿਸੇ ਥੀਂ ਰਹਿਣ ਸੰਗੇ ॥

॥ ਕਲਾਮ ਮਲਕੀ ॥

ਮਲਕੀ ਆਖਦੀ ਚੂਚਕਾ ਬਣੀ ਔਖੀ ਸਾਨੂੰ ਹੀਰ ਦੇ ਮੇਹਣਿਆਂ ਖੁਆਰ ਕੀਤਾ ॥ ਛਾਨੇ ਦੇਨ ਸ਼ਰੀਕ ਅਰ ਲੋਕ ਸਾਰੇ ਚਾਰੇ ਤਰਫ਼

ਖਰਾਬ ਸਿਸਾਰ ਕੀਤਾ॥ ਵੇਖੋ ਲੱਜ ਸਿਆਲਾਂ ਦੀ ਲਾਹ ਸੁੱਟੀ ਨੱਢੀ ਹੀਰ ਨੇ ਚਾਕ ਨੂੰ ਯਾਰ ਕੀਤਾ॥ ਜਮੇਂ ਮੱਤ ਦਿੱਤੀ ਅੱਗੋਂ ਲੜਨ ਲੱਗੀ ਲੱਜ ਲਾਹ ਕੇ ਚਸ਼ਮਾਂ ਨੂੰ ਚਾਰ ਕੀਤਾ॥ ਕੱਢੋ ਚਾਕ ਨੂੰ ਤੇ ਖੋਹ ਲਵੋ ਮੱਝੀਂ ਅਸਾਂ ਚਾਕ ਤੋਂ ਜੀ ਬੇਜ਼ਾਰ ਕੀਤਾ॥ ਇਕੋ ਧੀ ਨੂੰ ਖੂਹ ਡੋਬਦੇ ਈ ਏਸ ਨੇ ਰੱਬ ਸਾਹਿਬ ਗੁਨਾਹਗਾਰ ਕੀਤਾ॥ ਛੱਬ ਵਿਆਹ ਕੇ ਓਹ ਨੂੰ ਕਢ ਦੇਸੋ ਸਾਨੂੰ ਠਿਠ ਕਰਕੇ ਮੁਰਦਾਰ ਕੀਤਾ॥ ਵਾਰਸ ਸ਼ਾਹ ਨੂੰ ਹੀਰ ਖ਼ੁਆਰ ਕੀਤਾ ਨਹੀਂ ਰੱਬ ਸਾਹਿਬ ਸਰਦਾਰ ਕੀਤਾ॥

॥ ਜਵਾਬ ਚੂਚਕ ॥

ਚੂਚਕ ਆਖਿਆ ਮਲਕੀਏ ਜੰਮਦੀ ਨੂੰ ਗਲ ਘੁਟ ਕੇ ਕਿਉਂ ਨਾ ਮਾਰਿਆਈ॥ ਚੂੜ੍ਹੀ ਜ਼ਹਿਰ ਦੀ ਕਿਉਂ ਨਾ ਦਿੱਤੀਆਈ ਓਹ ਅਜ ਹਸਾਬ ਨਿਤਾਰਿਆਈ॥ ਖੂਹ ਹੂੰ ਘੜੇ ਦੀ ਨਾ ਬੋੜੀਆਈ ਵਢਨ ਰੋੜ੍ਹ ਕੇ ਮੂਲ ਨ ਮਾਰਿਆਈ॥ ਵਾਰਸ ਸ਼ਾਹ ਖ਼ੁਦਾਇ ਦਾ ਖੌਫ ਕੀਤਾ ਕਾਰੂੰ ਵਾਂਗ ਨ ਜ਼ਿਮੀਂ ਨਿਘਾਰਿਆਈ॥

॥ ਚੂਚਕ ਨੇ ਰਾਂਝੇ ਨੂੰ ਜਵਾਬ ਦਿੱਤਾ ॥

ਰਾਤੀਂ ਰਾਂਝੇ ਨੇ ਮਹੀਂ ਜਾਂ ਆਨ ਢੋਈਆਂ ਚੂਚਕ ਸਿਆਲ ਮੱਥੇ ਵਟ ਪਾਇਆਈ॥ ਭਾਈ ਛੇੜ ਮਹੀਂ ਤੂੰ ਜਾਹ ਸਾਥੋਂ ਤੇਰਾ ਟੌਰ ਬੁਰਾ ਨਜ਼ਰ ਆਇਆਈ॥ ਸਿਆਲੋਂ ਸੁਣੋ ਭਾਈ ਸਾਡਾ ਕੰਮ ਨਾਹੀਂ ਜਾਇ ਓਧਰੋਂ ਜਿਧਰੋਂ ਆਇਆਈ॥ ਅਸਾਂ ਚਾਕ ਨਾ ਰਖਿਆ ਇਹ ਨੱਢਾ ਸਾਨੂੰ ਮੇਹਣਾ ਏਸਦਾ ਆਇਆਈ॥ ਮਹੀਂ

ਚਾਰਨੇਨੂੰ ਚਾਕ ਰੱਖਿਆਸੀ ਧੀਆਂ ਚਾਰਨਾਂ ਨਹੀਂ ਬਤਾਇਆ ਈ॥ ਦੇਣ ਮੇਹਣੇ ਕੁਲ ਸ਼ਰੀਕ ਸਾਰੇ ਠੱਠੇ ਨਾਲ ਜਹਾਨ ਨ ਤਾਇਆਈ॥ ਏਹਨੂੰ ਮਾਰਕੇ ਜਾਨ ਗਵਾਇ ਦੇਸਾਂ ਮੇਰੇ ਜੀਉ ਦੇ ਵਿੱਚ ਏਹ ਆਇਆਈ॥ ਬਾਹਰ ਜਾਇਕੇ ਕੁੜੀਆਂ ਦੇ ਨਾਲ ਘੁਲਦਾ ਹੋਰ ਕਿਸੇ ਦਾ ਏਸ ਨ ਲਾਇਆਈ॥ ਅੰਤ ਕਰਨੀ ਕਿਸੇ ਨੂੰ ਭੁਲਾਨਾਹੀਂ ਵਾਰਸਸ਼ਾਹ ਇਹ ਧੁਰੋਂ ਫਰਮਾਇਆਈ॥ ਵਲੋਂ ਬਮੂਉੱਲਾਹੂੰ ਤਰਿਜ਼ਕ ਹੱਜ ਖਾਇਕੇ ਮਸਤੀਆਂ ਚਾਈਆਂ ਨੀ॥ ਕੁਲੂ ਵਸ਼ਰਬੂ ਦਾਸੀ ਅਮਰ ਹੋਇਆ ਲਾਤਸ਼ਰਫ਼ਮਨ ਫ਼ਰਮਾਈਆਂ ਨੀ॥ ਕਿੱਥੋਂ ਪਚਦੀਆਂ ਇਹਨਾਂ ਮੁਸ਼ਟੰਡਿਆਂ ਨੂੰ ਨਿੱਤ ਖਾਣੀਆਂ ਦੁਧ ਮਲਾਈਆਂ ਨੀ॥ ਇੱਤਕੂ ਅੱਲਾਹ ਰਿਜ਼ਕ ਦਾ ਏਹ ਲੈ ਸਾਂਭ ਮੱਝੀਂ ਘਰ ਆਈਆਂ ਨੀ॥

## ॥ ਚੂਚਕ ਦੇ ਘਰੋਂ ਰਾਂਝਾ ਚਲਿਆ ॥

ਹੱਥੋਂ ਸੱਟ ਖੂੰਡੀ ਉੱਤੋਂ ਲਾਹ ਭੂਰਾ ਛੱਡ ਚਲਿਆ ਸਭ ਮੰਗਵਾੜ ਮੀਆਂ॥ ਜਿਹਾ ਚੋਰ ਨੂੰ ਤੁਰੇ ਦਾ ਖੜਕ ਪੈ ਦੇ ਛੱਡ ਚੱਲਿਆ ਮੰਨ ਦਾ ਧਾੜ ਮੀਆਂ॥ ਦਿਲ ਚਾਇਆ ਦੇਸ ਤੇ ਮੁਲਕ ਉੱਤੇ ਸਾਡੇ ਜਾਇਦਾ ਕਜ਼ਕਿਆ ਹਾੜ ਮੀਆਂ॥ ਤੇਰੀਆਂ ਕੱਟੀਆਂ ਚੋਰਾਂ ਦੇ ਮਿਲਨ ਸੱਭੇ ਘਰੋਂ ਕੱਟੀਆਂ ਨੂੰ ਪਵੀ ਧਾੜ ਮੀਆਂ॥ ਤੇਰੀ ਧੀ ਨੂੰ ਅਸੀਂ ਕੀ ਜਾਣਦੇ ਹਾਂ ਤੈਨੂੰ ਆਵਦੀ ਨਜ਼ਰ ਪਹਾੜ ਮੀਆਂ॥ ਤੇਰੀ ਮੱਝੀਂ ਦੇ ਵਾਸਤੇ ਰਾਤ ਅੱਧੀ ਫਿਰਾਂ ਬੇਲਿਆਂ ਦਾ ਕਹਿਰ ਦੇ ਝਾੜ ਮੀਆਂ॥ ਹੱਥੀਂ ਪਏ ਛਾਲੇ ਮਹੀਂ ਹੱਕਦੇ ਦੇ ਪੈਰੀਂ ਪੁਰ ਕੰਡੇ

ਤਾਵੈਤਾਫ਼ ਮੀਆਂ ॥ ਮੰਗੂ ਮਗਰ ਮੇਰੇਸੱਭੋ ਆਵਦਾਹੈ ਮੱਝੀਂ ਆਪਣੀਆਂ ਮਹਿਰ ਜੀ ਤਾਫ਼ਮੀਆਂ॥ਘੁੱਟ ਬਹੇਂ ਪਰਾਈਆਂ ਮੇਹਨਤਾਂ ਨੂੰ ਸਹੀ ਕੀਤਾਏਈਕੋਈ ਕਿਰਾਫ਼ ਮੀਆਂ ॥ ਮਹੀਂ ਚਾਰਦਿਆਂ ਹੋਇਨੀ ਬਰਸਬਾਰਾਂ ਅੱਜਉਠਿਆ ਅੰਦਰੋਂ ਸਾਫ਼ ਮੀਆਂ॥ਵਹੀਖੱਤਰੀਦੀ ਰਹੀ ਖਤਰੀਤੇ ਲੇਖਾ ਗਿਆ ਹੈ ਹੋ ਪਹਾੜ ਮੀਆਂ॥ਤੇਰੀਧੀਰਹੀਤੇਰੇਘਰਬੈਠੀਲਾਫ਼ ਮੁਖਤ ਦਾ ਲਿਆਂਦੀ ਝਾਫ਼ ਮੀਆਂ ॥ ਹੱਟ ਭਰੀ ਭਰੁਨਈ ਸਾਂਝ ਬੈਠੋਂ ਕਰ ਛੱਡਿਓ ਨੰਗ ਕਰਾਫ਼ ਮੀਆਂ ॥ ਮੇਹਨਤ ਮਾਹੀਆਂ ਦੀ ਫਿਨ ਰਖਦਾਹੈਂ ਮਤਾਂ ਹੋਵੇਗਾਕੋਈ ਵਿਗਾੜ ਮੀਆਂ ॥ ਰੱਬੇ ਝਬਤ ਹਜ਼ਾਰੇਨੂੰ ਮੂੰਹਧਰਿਆ ਉੱਤੇ ਮੱਥੇਦੇ ਕੜਕਦਾ ਹਾੜ ਮੀਆਂ॥ ਵਾਰਸਸ਼ਾਹ ਪੂਰੀ ਅੱਗੋਂ ਨਾਂ ਪਈ ਪਿੱਛੋਂ ਆਇਆ ਸੀ ਖਰਲਣੇ ਪਾੜ ਮੀਆਂ ॥

॥ ਅਫ਼ਸੋਸ ਕਰਨਾ ਚੂਚਕ ਦਾ ॥

ਮੈਂਹੀਂ ਚਰਨਨਾ ਬਾਝ ਰੰਝੇਟੜੇ ਦੇ ਹੋਰ ਸੱਭਮਾਹੀ ਝਖਮਾਰ ਰਹੇ॥ਕਾਈ ਘੁਸਜਾਏ ਕਾਈ ਡੁੱਬ ਜਾਏ ਕਾਈ ਸ਼ੀਂਹ ਫਾੜੇ ਕਾਈ ਪਾਰ ਰਹੇ ॥ ਸਜਾਲ ਪਕੜ ਹਥਯਾਰ ਤਿਆਰ ਹੋਏ ਮਗਰ ਲੱਗਕੇ ਥੈਲੀਆਂ ਚਾਰ ਰਹੇ ॥ ਵਾਰਸਸ਼ਾਹ ਚੂਚਕ ਪਛੋਤਾਂਵਦਾ ਹੈ ਮੰਗੂ ਫਰੇ ਨਾਹੀਂ ਅਸੀ ਹਾਰ ਰਹੇ ॥

॥ ਹੀਰ ਕਹਿੰਦੀ ਹੈ ਮਾਊ ਨੂੰ ॥

ਮਾਏ . ਚਾਕ ਤਰਾਹਿਆ ਚਾਬਾਬਲ ਦੇ ਮੈਂ ਗੱਲ ਉਤੇਂਦ ਹੁਣ ਅਜੀ

ਹੈ ਨੀ॥ ਰੱਬ ਉਸਨੂੰ ਰਿਜ਼ਕ ਹੈ ਦੇਣ ਵਾਲਾ ਕੋਈ ਉਸਦੇ ਰੱਬ ਨਾ ਤੁਸੀਂ ਹੋ ਨੀ॥ ਮੈਹੀਂ ਹੋਨ ਖਰਾਬ ਵਿੱਚ ਬੇਲਿਆਂ ਦੇ ਅੰਦਰ ਖੇਤਿਆਂ ਦੇ ਫਸਾ ਫਸੀ ਹੈ ਨੀ॥ ਵਾਰਸਸ਼ਾਹ ਜਿਸਦਾ ਹੱਕ ਤੁਸਾਂ ਖੁੱਥਾ ਉਹ ਤਾਂ ਨਹੀਂ ਰਾਜ਼ੀ ਬੜਾ ਦੁਖੀ ੈ ਨੀ॥

॥ ਮਲਕੀ ਕਹਿੰਦੀ ਹੈ ਚੂਚਕ ਨੂੰ ॥

ਮਲਕੀ ਆਖ ਸੁਣਾਂਵਦੀ ਚੂਚਕੇ ਨੂੰ ਲੋਕ ਬਹੁਤ ਦੇਂਦੇ ਬਦਦੁਆਇ ਮੀਆਂ॥ ਬਾਰਾਂ ਬਰਸ ਮਹੀਂ ਉਸ ਚਾਰੀਆਂ ਨੀ ਕੀਤਾ ਨਹੀਂ ਸੁਕੂਨ ਕਰਾਇ ਮੀਆਂ॥ ਹੱਕ ਖੋਹ ਕੇ ਚਾਇ ਜਵਾਬ ਦਿੱਤਾ ਮਹੀਂ ਛੱਡ ਕੇ ਘਰਾਂ ਨੂੰ ਜਾਹ ਮੀਆਂ॥ ਪੈਰੀਂ ਲੱਗਕੇ ਜਾਇ ਮਨਾ ਉਸਨੂੰ ਆਹ ਫਕਰਦੀ ਬੁਰੀ ਪੈ ਜਾਇ ਮੀਆਂ॥ ਵਾਰਸਸ਼ਾਹ ਫਕੀਰ ਨੇ ਚੁੱਪ ਕੀਤੀ ਉਸਦੀ ਰੁੱਪਖੀ ਦੇਇ ਰੁੜ੍ਹਾਇ ਮੀਆਂ॥

॥ ਜਵਾਬ ਚੂਚਕ ॥

ਚੂਚਕ ਆਖਿਆ ਜਾਹ ਮਨਾ ਉਸਨੂੰ ਵਗਾ ਹਠ ਕਰਾਂ ਮਹੀਂ ਚਰਵਾ ਲਈਏ॥ ਜਦੋਂ ਹੀਰ ਡੋਲੀ ਪਾਇ ਤੋਰ ਦਿੱਤੀ ਰੁੱਸ ਪਏ ਤਾਂ ਤੁਰਤ ਜਵਾਬ ਦੇਈਏ॥ ਸਾਡੀ ਧੀ ਦਾ ਰੁਝ ਨਾ ਲਾਹ ਲੈਨਾ ਸਭ ਟਹਿਲ ਟਕੋਰ ਕਰਾਇ ਲਈਏ॥ ਵਾਰਸਸ਼ਾਹ ਮੀਆਂ ਜੱਟ ਸਦਾ ਖੋਟੇ ਇਕ ਫੰਧ ਭੀ ਜੱਟਕਾ ਲਾ ਲਈਏ॥

॥ ਰਾਂਝੇ ਦਾ ਪਤਾ ਪੁੱਛਿਆ ਮਲਕੀ ਨੇ ॥

ਮਲਕੀ ਜਾਇ ਵੇਹੜੇ ਵਿੱਚ ਪੁਛਦੀ ਹੈ ਕੇਹੜਾ ਵੇਹੜਾ ਭਾਈਆਂ ਸਾਡਿਆਂ ਦਾ॥ ਸਾਡੇ ਮਾਹੀ ਦੀ ਖਬਰ ਹੈ ਕਿਸੇ ਭਾਈ ਓ ਕਿਤੇ

ਨਿਕਲਿਆ ਮਾਰਿਆ ਚਾਵਿਆਂ ਦਾ ॥ ਜ਼ਰਾ ਹੀਰ ਕੁੜੀ ਉਨ੍ਹੇਂ
ਸੱਦਵੀਏ ਧੋਵੇ ਰੰਗ ਪਲੰਗ ਦੇ ਪਾਵਿਆਂ ਦਾ ॥ ਸਿਰੋਂ ਪਏ
ਮੂਨਾਇਕੇ ਸਾਫ ਹੋਇਆ ਜਿਵੇਂ ਬਾਲਕ ਮੁੰਨਿਆਂ ਬਾਵਿਆਂ ਦਾ
॥ ਵਾਰਸਸ਼ਾਹ ਜਿਵੇਂ ਚੋਰ ਨੂੰ ਮਿਲੇ ਵਾਹਰ ਉਥੇ ਸਾਹ ਲੈਂਦਾ
ਮਾਰੇ ਹਾਵਿਆਂ ਦਾ ॥

॥ ਮਲਕੀ ਕਹਿੰਦੀ ਹੈ ਰਾਂਝੇ ਨੂੰ ॥

ਮਲਕੀ ਆਖਦੀ ਲੜਿਓਂ ਜੇ ਨਾਲ ਚੂਚਕ ਤੁਸਾਂ ਸੁਖਨ ਨਾ
ਜੀਉ ਤੇ ਲਾਵਣਾ ਈ ॥ ਕਿਹਾ ਪੁਤ੍ਰਾਂ ਮਾਪਿਆਂ ਲੜਨ ਹੁੰਦਾ ਤੁਸਾਂ
ਖੱਟਣਾ ਤੇ ਅਸਾਂ ਖਾਵਣਾ ਈ ॥ ਫਿਰ ਮਾਲ ਦੇ ਨਾਲ ਮੈਂ ਘੋਲ
ਘੱਤੀ ਰਾਤੀ ਮਾਲ ਸਾਂਭੀ ਘਰ ਲਿਆਵਣਾ ਈ ॥ ਤੂੰਹੇਂ ਚੋਇਕੇ
ਦੁੱਧ ਜਮਾਵਣਾ ਈ ਤੂੰਹੇਂ ਹੀਰ ਦਾ ਪਲੰਘ ਵਿਛਾਵਣਾ ਈ ॥ ਕੁੜੀ
ਗੱਲ ਤੇਰੀ ਉਤੋਂ ਰੁਸ ਪਈ ਤੂੰਹੇਂ ਉਸ ਨੂੰ ਆਣ ਮਨਾਵਣਾ ਈ ॥
ਨਹੀਂ ਖਾਂਵਦੀ ਪੀਂਵਦੀ ਚੁਪ ਕੀਤੀ ਵਿਲ ਹੀਰ ਦਾ ਦੁਖ
ਘਟਾਵਣਾ ਈ ॥ ਤੇਰੇ ਨਾਮ ਤੋਂ ਹੀਰ ਕੁਰਬਾਨ ਕੀਤੀ ਮੈਨੂੰ
ਸਾਂਭਕੇ ਘਰੀਂ ਲਿਆਵਣਾ ਈ ॥ ਮੰਝੀ ਛੱਡਕੇ ਝੱਲ ਵਿਚ ਮੀਆਂ
ਵਾਰਸ ਅਸਾਂ ਤਖਤ ਹਜ਼ਾਰੇ ਨੂੰ ਜਾਵਣਾ ਈ ॥

॥ ਜਵਾਬ ਰਾਂਝਾ ॥

ਰਾਂਝੇ ਆਖਿਆ ਹੀਰ ਨੂੰ ਮਾਊਂ ਤੇਰੀ ਸਾਨੂੰ ਫੇਰ ਘਟਾ ਰਾਤ ਦੀ
ਦੇਂਦੜੀ ਹੈ ॥ ਮੀਆਂ ਮੰਨ ਲੈ ਆਖਿਆ ਉਸ ਦਾ ਤੂੰ ਤੇਰੀ ਹੀਰ
ਪਿਆਰੀ ਦੀ ਅੰਮੜੀ ਹੈ ॥ ਜੀ ਜਾਣਦੀ ਏ ਉਹ ਕਿਸ ਘੜੀ ਬੈਠੇ

ਅਜੇ ਵਜਾਹ ਦੀ ਵਾਟ ਤਾਂ ਸੌਖੜੀ ਹੈ ॥ ਵਾਰਸਸ਼ਾਹ ਇਸ ਇਸ਼ਕ ਦੇ ਵਣਜ ਵਿੱਚੋਂ ਕਿਸੇ ਪੱਲੇ ਨ ਬੱਧੜੀ ਦਮੜੀ ਹੈ ॥

॥ ਰਾਂਝੇ ਨੇ ਮਨਜ਼ੂਰ ਕੀਤਾ ॥

ਰਾਂਝਾ ਹੀਰ ਦੀ ਮਾਂ ਦੇ ਲੱਗ ਆਖੇ ਛੇੜ ਮੱਝੀਆਂ ਬੇਲ ਨੂੰ ਜਾਂਵਦਾਈ ॥ ਮੰਗੂ ਵਾੜ ਦਿਤਾ ਵਿਚ ਝਲ ਬੇਲੇ ਆਪ ਨ੍ਹਾਇਕੇ ਰੱਬ ਧਿਆਂਵਦਾਈ॥ ਹੀਰ ਸੱਤੂਆਂ ਦਾ ਮਗਰੋਂ ਘੋਲ ਛੰਨਾ ਸੋ ਰਿਜ਼ਕ ਰੱਬ ਦੇ ਦੇਂਦਾ ਆਂਵਦਾਈ ॥ ਪੰਜਾਂ ਪੀਰਾਂ ਨੇ ਆਨ ਦੀਦਾਰ ਦਿੱਤਾ ਹੱਥ ਬੰਨ੍ਹ ਸਲਾਮ ਬੁਲਾਂਵਦਾਈ ॥ ਰਾਂਝਾ ਹੀਰ ਦੋਵੇਂ ਹੋਏ ਆਨ ਹਾਜ਼ਰ ਅੱਗੋਂ ਪੀਰ ਜੀ ਏਹ ਫ਼ਰਮਾਉਂਦਾਈ ॥

॥ ਪੀਰ ਮੱਤ ਦੇਂਦੇ ਹਨ ਰਾਂਝੇ ਨੂੰ ॥

ਬੱਚਾ ਦੋਹਾਂ ਨੇ ਰੱਬ ਨੂੰ ਯਾਦ ਕਰਨਾ ਏਥੇ ਸਿਦਕ ਦਾ ਅਮਲ ਕਮਾਵਨਾਈ॥ ਬੱਚਾ ਖਾਹ ਚੂਰੀ ਹੋਵੀਂ ਮੱਝ ਚੂਰੀ ਸ਼ਰਾ ਜੀਉ ਨੂੰ ਨਹੀਂ ਡਰਾਵਨਾਈ॥ ਅੱਠੇ ਪਹਿਰ ਖ਼ੁਦਾ ਇਦੀ ਯਾਦ ਅੰਦਰ ਨਾਲ ਸਾਬਤੀ ਸ਼ੌਕ ਕਮਾਵਨਾਈ ॥ ਵਾਰਸਸ਼ਾਹ ਪੰਜਾਂ ਪੀਰਾਂ ਹੁਕਮ ਕੀਤਾ ਬੱਚਾ ਇਸ਼ਕ ਨੂੰ ਲਾਜ ਨ ਲਾਵਨਾਈ ॥

॥ ਕਾਜ਼ੀ ਸਮਝਾਂਵਦਾ ਹੈ ਹੀਰ ਨੂੰ ॥

ਹੀਰ ਹੱਸਕੇ ਖੇਡ ਕੇ ਘਰੀਂ ਆਈ ਮਾਪੇ ਕਾਜ਼ੀ ਨੂੰ ਸਦਕੇ ਲਿਆਂਵਦੇ ਨੀ ॥ ਦੋਵੇਂ ਆਪ ਬੈਠੇ ਅਤੇ ਵਿਚ ਕਾਜ਼ੀ ਅਤੇ ਸਾਮ੍ਹਣੇ ਹੀਰ ਬੈਠਾਂਵਦੇ ਨੀ ॥ ਬੱਚੀ ਹੀਰ ਤੈਨੂੰ ਅਸੀ ਮੱਤ ਦੇਂਦੇ ਮਿੱਠੀ ਨਾਲ ਜ਼ੁਬਾਨ ਸਮਝਾਂਵਦੇ ਨੀ॥ ਚਾਕ ਚੋਬਰਾ

ਨਾਲਨਾ ਗੱਲਕੀਜੇ ਏਹੁਮੇਹਨਤੀਕੇਹੜੇ ਥਾਂਵਦੇਨੀ॥ ਚਰਖਾ ਭਾਹਿਕੇ ਆਪਣੇ ਘਰ ਕਹਿਕੇ ਸੋਹਲੇ ਗਾਂਵਦੇਗੀਤ ਸੁਨਾਉਂਦੇਨੀ॥ਲੱਜ ਮਾਪਿਆਂ ਦੀ ਵਲ ਧਯਾਨ ਕਰੀਏ ਸਯਾਲ ਮੁੱਢ ਦੇ ਜੱਟਸਦਾਵਦੇ ਨੀ॥ਨੀਂਵੀਨਜ਼ਰ ਹਯਾਉਦੇਨਾਲ ਰਹੀਏ ਤੈਨੂੰ ਸਭ ਸਿਆਣੇ ਫੁਰਮਾਂਵਦੇਨੀ॥ਸ਼ਰਮ ਮਾਪਿਆਂਦੀਵਲ ਧਯਾਨ ਕਰੀਏ ਖ਼ਾਨਦਾਰ ਏਹ ਜੱਟ ਸਦਾਂਵਦੇਨੀ ॥ ਕੂਚਕ ਸਯਾਲ ਹਠੀਲੀਏ ਜਾਨਨੀਹੈਂਤੇਸਰਦਾਰਨੀਪੈਂਚਗਿਰਾਂਵਦੇ ਨੀ॥ਬਾਹਰਫਿਰਨ ਨਾ ਸੋਹਿੰਦਾਨਢੀਆਂਨੂੰ ਅਜਕੱਲਲਾਚੀ ਘਰੀਂ ਆਂਵਦੇਨੀ॥ਤੇਰੇ ਵਜਾਹਦੇ ਸਭ ਸ਼ਮਿਆਨਹੋਏ ਵੇਖ ਖਏ ਬਣਾ ਬਣਾਉਂਦੇ ਨੀ ॥ ਵਾਰਸਸ਼ਾਹ ਮੀਆਂ ਚੰਦ ਰੋਜ਼ ਅੰਦਰ ਘੇੜੇ ਜੋੜਕੇ ਜੰਞ ਲਿਆਂਵਦੇਨੀ ॥

॥ ਕਲਾਮ ਹੀਰ ॥

ਹੀਰਆਖਦੀਬਾਬਲਾਅਮਲੀਆਂਤੋਂ ਨਹੀਂਅਮਲਹਟਾਇਆ ਜਾਇ ਮੀਆਂ ॥ ਜੇੜ੍ਹੀਆਂ ਆਦਤਾਂਪਨਤੇਫਿਰਨਨਾਹੀਂਸਿਰ ਜਾਇਤੇ ਸਿਰਫਨਜਾਇਮੀਆਂ॥ਮੀਂਹਚਿੱਤਰੇਰਹਿਨਨਾਮਾਸ ਭਾਜੋਂ ਛੱਟ ਨਾਲ ਇਹ ਰਿਜ਼ਕ ਕਮਾਇ ਮੀਆਂ॥ ਅਸਾਂਆਪ ਦਰਗਾਹਤੋਂ ਮੰਗਲੀਤਾਬਾਬਲ ਬਖਸ਼ਿਆਆਪਖ਼ੁਦਾਇਮੀਆਂ॥ ਏਹਰਜ਼ਾਇਤਕਦੀਰਦੀ ਹੋਰਹੀਵਾਰਸਹੋਵਣੀ ਕੌਣਹਟਾਇ ਮੀਆਂ॥ ਵਾਫ਼ ਅੱਖਤੇ ਸਾਰਦਾ ਲਹੇਨਾਹੀਂ ਤਿਵੇਂਇਸ਼ਕਦਾ ਦਾਗ਼ਾ ਨਾਜਾਇਮੀਆਂ॥ ਹੋਰਸਭਗੱਲੀਂਮਨਜ਼ੂਰਹੋਸੀਆਂਰਾਂਝੇ

ਆਰਤੋਂ ਰਿਹਾ ਨਾ ਜ਼ਾਇਮੀਆਂ॥ਏਸਇਸ਼ਕਦੇ ਰੋਗਦੀਬਾਤ
ਏਹੋ ਜਿਹਜਾਇ ਤੇ ਏਹਨਾ ਜ਼ਾਇਮੀਆਂ॥ਵਾਰਸਸ਼ਾਹਮੀਆਂ
ਜਿਵੇਂ ਗੰਜ ਜਿਨ੍ਹਦਾ ਬਾਰਾਂ ਬਰਸਬਾਝੋਂ ਨਹੀਂ ਜਾਇਮੀਆਂ॥

॥ ਕਲਾਮ ਮਲਕੀ ॥

ਏਹਦੇ ਵੱਢ ਟੁਕੜੇ ਖੋਹ ਮੇਢੀਆਂ ਨੀ ਵਾਲ ਪੁਟਕੇ ਨਦੀ ਡ
ਬੋੜੀਏ ਨੀ॥ ਸਿਰ ਭੰਨਸਾਂ ਨਾਲ ਮਧਾਣੀਆਂ ਦੇ ਚੂਹੀ ਪਕੜ
ਲੱਤਾਂ ਨਾਲ ਤੋੜੀਏ ਨੀ॥ ਇੰਹਦਾ ਦਾਤ੍ਰੀ ਨਾਲ ਕਾ ਢਿੜ
ਪਾੜੋ ਸੂਏ ਅੱਖੀਆਂ ਦੇ ਵਿਚ ਪੋੜੀਏ ਨੀ॥ ਵਾਰਸਸ਼ਾਹ ਏਹ
ਚਾਕ ਥੀਂ ਨਹੀਂ ਮੁੜਦੀ ਅਸੀਂ ਰਹੇ ਬਤੇਰਜਾ ਹੋੜੀਏ ਨੀ॥

॥ ਕਲਾਮ ਕਾਜ਼ੀ ॥

ਜਿਹ ਬੇਟੀਆਂ ਦੇ ਬਾਪ ਜੁਦਾ ਕਰਦੇ ਜਦੋਂ ਗੁਸਿਆਂਤੇ ਆਪ
ਆਂਵਦੇ ਨੀ॥ ਸਿਰ ਵੱਢਕੇ ਨਦੀ ਵਿੱਚ ਰੋੜ੍ਹਦੇ ਦੇ ਮਾਸ ਕਾਉਂ
ਕੁੱਤੇ ਬਿੱਲੇ ਖਾਂਵਦੇ ਨੀ॥ ਸੱਸੀ ਜਾਮ ਜਲਾਲੀ ਤੇ ਰੋੜ੍ਹ ਦਿਤੀ
ਕਈ ਡੂਮ ਢਾਢੀ ਪਏ ਗਾਂਵਦੇ ਨੀ॥ ਬਦਉਲਾਦ ਜੋਜ਼ੂ
ਆਖੇ ਨਹੀਂ ਲੱਗੇ ਮਾਪੇ ਓਸਨੂੰ ਮਾਰ ਮੁਕਾਂਵਦੇ ਨੀ॥ ਜਦੋਂ
ਕਹਿਰ ਤੇ ਆਂਵਦੇ ਬਾਪ ਜ਼ਾਲਮ ਧੀਨੂੰ ਬੇਟੀਆਂ ਨੂੰ ਡੋਰੇ ਪਾਵ
ਦੇਨੀ॥ ਵਾਰਸਸ਼ਾਹਜੋਮਾਰਦੇਬਚਿਆਂਤਾਂਈਦੇਦੇਖੂਨਨਾ ਤਿਨ੍ਹਾਂ
ਨੂੰ ਆਂਵਦੇਨੀ

॥ ਕਲਾਮ ਹੀਰ ॥

ਜਿਨ੍ਹਾਂ ਬੇਟੀਆਂ ਮਾਰੀਆਂ ਰੋਜ਼ ਕਿਆਮਤ ਸਿਰ ਤਿਨ੍ਹਾਂ ਦੇ ਵਡਾ
ਗੁਨਾਹ ਮੀਆਂ॥ ਜਿਹੜੇ ਖਾਣੀਆਂ ਤਿਨਾਂ ਖਿਆਫ਼ ਕਰਕੇ ਜਿਵੇਂ

ਮਾਰੀਆਂ ਤੇ ਤਿਵੇਂ ਖਾਹਮੀਆਂ ॥ ਕਹੇ ਮਾਉਂ ਤੇ ਬਾਪ ਦੇ ਅਸਾਂ ਮੈਨੇ ਗਲ ਪਲੜਾ ਤੇ ਮੂੰਹ ਘਾਹ ਮੀਆਂ ॥ ਇਕ ਲਾਕਦੀ ਗੱਲ ਨਾ ਕਰੇ ਮੂਲੇ ਉਸ ਦਾ ਹੀਰ ਦੇ ਨਾਲ ਨਿਕਾਹ ਮੀਆਂ ॥ ਵਾਰਸਸ਼ਾਹ ਮੈਂ ਰਖਤੋਂ ਲਿਆ ਰਾਂਝਾ ਮੈਨੂੰ ਬਖਸ਼ਿਆ ਆਪ ਖੁਦਾਇ ਮੀਆਂ ॥

॥ ਕਲਾਮ ਸੁਲਤਾਨ ਭਾਈ ॥

ਸੁਲਤਾਨ ਭਾਈ ਆਹਾ ਹੀਰ ਸੰਦਾ ਆਖੇ ਹੀਰ ਨੂੰ ਮਾਰ ਕੇ ਤਾਰ ਅੰਮਾਂ ॥ ਅਸਾਂ ਫੇਰ ਜੇ ਬਾਹਰ ਏਹ ਡਿੱਠੀ ਸੁੱਟਾਂ ਏਸ ਨੂੰ ਜਾਨ ਥੀਂ ਮਾਰ ਅੰਮਾਂ ॥ ਤੇਰੇ ਆਖਿਆਂ ਸਤਰ ਜੇ ਬਹੇ ਨਹੀਂ ਫੇਰ ਏਸ ਦੀ ਧੌਣ ਤਲਵਾਰ ਅੰਮਾਂ ॥ ਜੇ ਨਾਂ ਧੀ ਨੂੰ ਹੁਕਮ ਦੇ ਵਿਚ ਰਖੇਂ ਸਾਰਾ ਸਾੜ ਸੁੱਟਾਂ ਘਰਬਾਰ ਅੰਮਾਂ ॥ ਵਾਰਸਸ਼ਾਹ ਜੇੜ੍ਹੀ ਧੀਅ ਬੁਰੀ ਹੋਵੇ ਰੋੜ੍ਹ ਦੇਵੀਏ ਸਾਗਰੋਂ ਪਾਰ ਅੰਮਾਂ ॥

॥ ਕਲਾਮ ਹੀਰ ॥

ਅੱਖੀਂ ਲੱਗੀਆਂ ਮੁੜਨ ਨਾ ਵੀਰ ਮੇਰੇ ਏਥੇ ਵਾਰ ਘੱਤੀ ਬਲਿਹਾਰੀਆਂ ਵੇ ॥ ਵਹਿਨ ਆਏ ਦਰਿਆਉ ਦੇ ਮੁੜਨ ਨਾਹੀਂ ਥੱਕੇ ਲਾਇਕੇ ਜ਼ੋਰ ਹਜ਼ਾਰੀਆਂ ਵੇ ॥ ਲਹੂ ਕੀਕਰੋਂ ਨਿਕਲਨੋਂ ਰਹੇ ਨਾਹੀਂ ਜਿਥੇ ਲਗੀਆਂ ਪ੍ਰੇਮ ਕਟਾਰੀਆਂ ਵੇ ॥ ਲੱਗੀ ਦਸਤ ਨਿਕਵਾਰਨ ਬੈਦ ਦੀਜੇ ਵੈਦ ਲਿਖਦੇ ਵੈਦਗੀ ਸਾਰੀਆਂ ਵੇ ॥ ਸਿਰ ਦਿੱਤਿਆਂ ਬਾਝ ਨਾ ਇਸ਼ਕ ਪੱਕੇ ਇਹ ਨਹੀਂ ਸੁਖਾਲੀਆਂ ਯਾਰੀਆਂ ਵੇ ॥ ਵਾਰਸਸ਼ਾਹ ਨਾਹੀਂ ਭਾਈ ਫਰਕਦੇ ਨੀ ਵੇਖ ਇਸ਼ਕ ਬਜ਼ਾਈਆਂ ਖੁਆਰੀਆਂ ਵੇ ॥

॥ ਕਲਾਮ ਕਾਜ਼ੀ ॥

ਕਾਜ਼ੀ ਆਖਿਆ ਛੋੜ ਖ਼ੁਦਾਇਦਾ ਹੈ ਆਪੇ ਜਿਵ ਚੜ੍ਹੇ ਮੁਹ ਮਾਰਨੀਗੇ ॥ ਤੇਰੀ ਜਾਨ ਵਜੂਦਦੇਂ ਕਢਸੱਟਣ ਮਾਰੇ ਸ਼ਰਮ ਦੇ ਖ਼ੂਨ ਗੁਜ਼ਾਰਨੀਗੇ ॥ ਜਿਸ ਵਕਤ ਇਹ ਅਸਾਂ ਹਾਰ ਕਬਰਾ ਉਸੇ ਵਕਤਹੀ ਮਾਰ ਉਤਾਰਨੀਗੇ ॥ ਚਾਕ ਵੜੇਗਾ ਆਣਕੇ ਵਿਚ ਵੇਹੜੇ ਕਰਨਗੇ ਕਰੇ ਖ਼ੂਨ ਗੁਜ਼ਾਰਨੀਗੇ ॥ ਮਾਏ ਆਖਦੀ ਲੋਕ ਖ਼ੁਦਾ ਇਦਾਹੇ ਤਿੱਖਾ ਸ਼ੇਖ ਦੀਦਾ ਵੇਖਜਾਲਨੀਗੇ ॥ ਵਾਰਸਸ਼ਾਹ ਤੂੰ ਛੱਡ ਬੁਰਿਆਈਆਂ ਨੂੰ ਨਹੀਂ ਅੱਗ ਦੇ ਵਿਚ ਜਾ ਸਾੜਨੀਂਗੇ ॥

॥ ਕਲਾਮ ਹੀਰ ॥

ਮੈਨੂੰ ਮੇਹਣੇ ਹੋਰ ਹਜ਼ਾਰ ਦੇਓ ਸੱਚੇ ਰੱਬ ਦੇ ਨਾਲ ਨਾ ਜ਼ੋਰ ਕੋਈ ॥ ਮੱਥੇ ਅੱਖਰਾਂ ਲਿਖਿਆਂ ਕੌਣ ਮੇਟੇ ਜੇਹੜੇ ਰੱਬ ਨੂੰ ਭਾਂਵਦੇ ਕੰਮ ਸੋਈ ॥ ਬੱਧੀ ਰਬਦੀ ਸਤਕਬੂਲ ਕਰਸਾਂ ਰਾਂਝੇ ਬਾਝ ਨ ਆਸਰਾ ਹੋਰ ਕੋਈ ॥ ਵਾਰਸ ਸ਼ਾਹ ਕੀ ਪਏ ਹੋ ਖਿਆਲ ਮੇਰੇ ਜੇਹੜੀ ਹੋਵਣੀ ਸੀ ਹੋਇ ਗਈ ਸੋਈ ॥

॥ ਯਾਦ ਕਰਨਾ ਪੰਜਾਂ ਪੀਰਾਂ ਨੂੰ ਰਾਂਝੇ ਦਾ ॥

ਪੰਜਾਂ ਪੀਰਾਂ ਨੂੰ ਰਾਂਝੇ ਨੇ ਯਾਦ ਕੀਤਾ ਜਦੋਂ ਹੀਰ ਮਨੇਹੁੜਾ ਘੱਲਿਆਈ ॥ ਮਾਈ ਬਾਪ ਕਾਜ਼ੀ ਸੱਭੇ ਗਿਰਦ ਹੋਏ ਗਿਲਾ ਸੱਭਨਾਂ ਦਾ ਅਸਾਂ ਝੱਲਿਆਈ ॥ ਪੰਜਾਂ ਪੀਰਾਂ ਅੱਗੇ ਹੱਥ ਜੋੜ ਖਲਾ ਨੀਰ ਰੋਂਦਿਆਂ ਮੂਲ ਨਾ ਠੱਲਿਆਈ ॥ ਸੱਚਾ ਕੌਲ

ਮੁਸੀਬਤਾਂਪ੍ਰੇਸ਼ਆਈਆਂ ਵਿੱਚੋਂ ਜੀ ਅਸਾਡੜਾ ਹੱਲਿਆਈ ॥ ਮੇਰੀਹੀਰਨੂੰਫ਼ੀਰਸ਼ਆਰਕੀਤਾ ਕਾਜ਼ੀਮਾਂਤੇਬਾਪੰਪ ਬੋਲਿਆ-ਈ॥ਮੰਦਭਕਰੋਖ਼ੁਦਾਇਦੇਵਾਸਤੇਜੀ ਮੇਰਾਇਸ਼ਕ ਖ਼ਰਾਬ ਹੋ ਚੱਲਿਆਈ ॥ ਵਾਂਗਸ਼ੀਰੀਂਦੇ ਆਪਣੀ ਜਾਨ ਵਾਰੀ ਲੈਲੀ ਵਾਂਗ ਮੇਰਾ ਜੀ ਸੱਲਿਆਈ॥ਅਸਾਂ ਆਸਰਾ ਪੀਰ ਤੁਸਾਡੜਾ ਹੈ ਸਭ ਦੁਖ ਕਜ਼ੀਅੜਾ ਝੱਲਿਆਈ ॥ ਬਹੁਤ ਪਿਆਰ ਦਿਲਾਸੜੇ ਨਾਲਪੀਰਾਂ ਮੀਹੇਂ ਰਾਂਝੇਦਾਜੀਉਤਸੱਲਿਆਈ ॥ ਤੇਰੀ ਹੀਰਦੀ ਮੰਦਭ ਰਾਂਝਿਆਓਇ ਮਖਦੂਮ ਜਹਾਨੀਆਂ ਘੱਲਿਆਈ ॥ ਦੋਤਿੰਨਸਦਸੁਣਾਖਾਂਵੰਝਲੀਦੇਮਾਲਾ ਗਾਵਣੇ ਤੇ ਜੀ ਚੱਲਿਆਈ ॥ ਵਾਰਸਸ਼ਾਹ ਅੱਗੋਂ ਜੋਵਤਿਆਰ ਹੋਕੇ ਲੈਕੇ ਵੰਝਲੀ ਗਾਵਣੇ ਚੱਲਿਆਈ ॥

॥ ਰਾਂਝਾ ਸਰੋਦ ਕਰਦਾ ਹੈ ਪੀਰਾਂ ਅੱਗੇ ॥

ਹੋਸ਼ ਵੰਝਲੀਰਾਂਝੇਦੇਨਜ਼ਰਆਈ ਪੰਜਾਂ ਪੀਰਾਂ ਨੇ ਆਖਿਆ ਵਾਹ ਖਾਂ ਜੀ॥ ਏਸਪ੍ਰੇਮਦੀਜ਼ੀਲਦਾਸਭਕਿੱਸਾ ਸੁਰ ਸੋਹਣੀ ਨਾਲ ਸੁਣਾਖਾਂਜੀ ॥ ਕੋਈ ਸੋਹਣੀਤੇਮਹੀਂਵਾਲਵਾਲਾ ਨਾਲ ਸ਼ੌਕਦੇ ਮੰਦ ਸੁਣਾਖਾਂ ਜੀ ॥ ਸ਼ੁੱਭਰੂਹਦਾਵਾਰਸਸ਼ਾਹਉਂਦਾਈ ਅੱਜ ਰੂਹ ਨੂੰ ਕੁਝ ਖਵਾ ਖਾਂ ਜੀ ॥

॥ ਨਾਮ ਰਾਗਾਂ ਦੇ ॥

ਸ਼ੌਕ ਨਾਲ ਵਜਾਇਕੇ ਵੰਝਲੀ ਨੂੰ ਪੰਜਾਂ ਪੀਰਾਂ ਅੱਗੇ ਖਲਾ ਗਾਂਵਦਾਈ ॥ ਕਦੇ ਊਧੋ ਤੇ ਕਾਨ੍ਹਦੇ ਬਿਸ਼ਨਪਦੇ ਕਦੇ ਮਾਝ

ਬਿਹਾਗੜਦੀਲਾਉਂਦਾਈ॥ ਕਦੇ ਚੌਲ ਤੇ ਮਾਰਵਾ ਫੇ ਧਵੇ ਦਾ ਕਦੇ ਝੂਬਣਾ ਗਾਇ ਸੁਣਾਂਵਦਾਈ ॥ ਮਲਕੀਨਾਲ ਜਲਾਲੀ ਨੂੰ ਖੂਬਗਾਵੇ ਵਿਚਖੇਵਰੀ ਦੀ ਕਲੀ ਲਾਂਵਦਾਈ॥ਕਦੇ ਸੋਹਣੀ ਤੇ ਮਹੀਂਵਾਲ ਵਲਾਨਾਲ ਸ਼ੌਕ ਵੇ ਸੱਦ ਸੁਣਾਂਵਦਾਈ ॥ ਕਦੇ ਧ੍ਰੁਪਤਾਂ ਨਾਲ ਕਬਿੱਤ ਗਾਵੇ ਕਦੇ ਸੋਹਲੇ ਨਾਲ ਰਲਾਂਵਦਾਈ ॥ ਸਾਰੰਗ ਨਾਲ ਸੁਹਾਨ ਤਿਲੰਗ ਗਾਵੇ ਨਾਲ ਸੂਹੀ ਦਾ ਜੋੜ ਕਰਾਂਵਦਾਈ ॥ ਸੋਰਠ ਗੂਜਰੀ ਪੂਰਬੀ ਲਲਤ ਭੈਰੋਂ ਦੀਪਕ ਰਾਗਦੀ ਝੀਲ ਵਜਾਂਵਦਾਈ ॥ ਟੋਡੀ ਮੇਘ ਮਾਲਾ ਅਤੇ ਗੌਂਡ ਗਾਵੇ ਜੈਤਸਰੀ ਨੂੰ ਨਾਲ ਰਲਾਂਵਦਾਈ ॥ ਮਾਲਸਰੀ ਧਨਾਸਰੀ ਰਾਗ ਭੋਲੇ ਮਾਲਕੌਂਸ ਰਲਾਇ ਵਜਾਂਵਦਾਈ ॥ ਕੇਦਾਰਾ ਬਿਹਾਗੜਾ ਰਾਗ ਮਾਰੂ ਨਾਲ ਕਾਨ੍ਹੜੇ ਦੀ ਸੁਰ ਲਾਂਵਦਾਈ॥ ਕਲਜਾਣ ਦੇ ਨਾਲ ਫਿਰ ਜੋਗ ਗਾਵੇ ਅਤੇ ਮਿਲਾਰ ਸੁਣਾਂਵਦਾਈ॥ਭੈਰੋਂ ਨਾਲ ਪਲਾਸੀਆਂ ਭੀ ਮਝੋਲੇ ਨਟ ਰਾਗ ਦੀ ਝੀਲ ਵਜਾਉਂਦਾਈ ॥ ਬਰਵਾ ਨਾਲ ਪਹਾੜ ਬੈਰਾੜੀਆਂ ਦੇ ਗੌੜੀ ਨਾਲ ਆਸਾ ਖੜਾ ਗਾਂਵਦਾਈ ॥ ਰਾਮਕਲੀ ਬਸੰਤ ਹਿੰਡੋਲ ਬੋਲੇ ਤੇ ਮੁੰਦਾਵਣੀ ਦੀ ਤਾਰ ਗਾਂਵਦਾਈ॥ਵਾਰਸਸ਼ਾਹ ਪਲਾਸੀਆਂ ਰਾਗ ਕੇਤੇ ਪੰਜਾਂ ਪੀਰਾਂ ਨੂੰ ਖੜ ਸੁਣਾਂਵਦਾਈ ॥

॥ ਪੀਰ ਖ਼ੁਸ਼ੀ ਹੋਏ ਰਾਂਝੇ ਉੱਪਰ ॥

ਰਾਜ਼ੀ ਹੋਇਕੇ ਪੀਰਾਂ ਨੇ ਹੁਕਮ ਕੀਤਾ ਬੱਚਾ ਮੰਗ ਲੈ ਦੁਆ ਜੋ ਮੰਗਣੀ ਹੈ ॥ ਅੱਜ ਪੀਰ ਸੱਚੀ ਮੈਨੂੰ ਬਖਸ਼ ਉਠਣੇ ਹੀਰ ਕਰਮ ਦ

ਦੇ ਨਾਲ ਜੋ ਰੰਗਣੀ ਹੈ ॥ ਮੈਨੂੰ ਲਾਇ ਭਿਭੂਤ ਮਲੰਗ ਕਰਕੇ ਸੋਖਾ ਓਹ ਭੀ ਤੇਰੀ ਮਲੰਗਣੀ ਹੈ ॥ ਜੇਹੇ ਨਾਲ ਲਾਈਏ ਤੇਹੇ ਹੋਇਕੇ ਰਹੀਏ ਨੈਣਾਂ ਨਾਲ ਰਲੀ ਓਹ ਭੀ ਨੈਣਗਣੀ ਹੈ ॥ ਵਾਰਸ ਸ਼ਾਹ ਨਾ ਸੈਹੇ ਉਹ ਖਾਲ ਜੱਟੀ ਨਹੀਂ ਮਾਪਿਆਂ ਦੇ ਘਰ ਟੰਗਣੀ ਹੈ ॥

॥ ਪੀਰਾਂ ਦੁਆ ਦਿੱਤੀ ਰਾਂਝੇ ਨੂੰ ॥

ਰਾਂਝੇ ਪੀਰਾਂ ਨੂੰ ਬਹੁਤ ਖੁਸ਼ਹਾਲ ਕੀਤਾ ਦੁਆਇ ਦਿੱਤੀਆਂ ਨੇ ਜਾਹ ਹੀਰ ਤੇਰੀ ॥ ਤੇਰੇ ਸਭ ਮਕਸੂਦ ਹੋ ਗਏ ਹਾਸਲ ਮੱਦਦ ਹੋਇ ਗਏ ਪੰਜ ਪੀਰ ਤੇਰੀ ॥ ਜਾਹੁ ਚੂਜ ਤੂੰ ਵਿਚ ਮਾਹਿ ਬੇਲੇ ਬੇਲਾ ਬਖ਼ਸ਼ ਲਈ ਹੈ ਸਭ ਤਕਸੀਰ ਤੇਰੀ ॥ ਵਾਰਸ ਸ਼ਾਹ ਮੀਆਂ ਪੀਰਾਂ ਕਾਮਲਾਂ ਨੇ ਕਰ ਛੱਡੀ ਹੈ ਨੇਕ ਤਦਬੀਰ ਤੇਰੀ ॥

॥ ਰਾਂਝਾ ਕਹਿੰਦਾ ਹੈ ਹੀਰ ਨੂੰ ॥

ਰਾਂਝੇ ਆਖਿਆ ਆਉ ਖਾਂ ਬੈਠ ਹੀਰੇ ਕੋਈ ਖੂਬ ਤਦਬੀਰ ਬਣਾਈਏ ਨੀ ॥ ਤੇਰੇ ਮਾਂਇ ਤੇ ਬਾਪ ਦਲਗੀਰ ਹੁੰਦੇ ਕਿਵੇਂ ਉਨ੍ਹਾਂ ਤੋਂ ਬਾਤ ਛੁਪਾਈਏ ਨੀ ॥ ਮਿੱਠੀ ਨੈਣ ਨੂੰ ਸੱਦ ਕੇ ਗੱਲ ਕਰੀਏ ਜੇ ਤੂੰ ਕਹੇਂ ਤੇਰੇ ਘਰ ਆਈਏ ਨੀ ॥ ਮੈਂ ਸਿਆਲਾਂ ਦੇ ਵੇਹੜੇ ਵੜਾਂ ਨਾਹੀਂ ਸਾਹੇ ਹੀਰ ਨੂੰ ਤੁਸਾਂ ਪੁਚਾਈਏ ਨੀ ॥ ਇਕੋ ਰਾਤ ਤੇਰੇ ਘਰ ਮੇਲ ਸਾਡਾ ਸਿਰ ਇਹਸਾਨ ਚੜ੍ਹਾਈਏ ਨੀ ॥ ਹੀਰ ਪੰਜ ਮੁਹਰਾਂ ਫੇਲ ਦਿੱਤੀਆਂ ਨੀ ਕਿਵੇਂ ਮਿੱਠੀਏ ਫੈਲ ਬਣਾਈਏ ਨੀ ॥ ਕੁੜੀਆਂ ਪਾਸ ਨਾ ਖੋਲ੍ਹਣਾ ਭੇਦ ਸਾਡਾ ਗੱਲ ਜੀਉ ਦੇ ਵਿੱਚ ਛੁਪਾਈਏ ਨੀ ॥ ਵਾਰਸ ਸ਼ਾਹ ਛੁਪਾਇਕੇ ਮੁਲਕ

ਧਾਮੇਂ ਡਾਵੇਂ ਆਪਣਾਹੀ ਗੁੜ ਖਾਈਏ ਨੀ ॥

॥ ਕਲਾਮ ਸ਼ਾਇਰ ॥

ਝੱਲੇ ਕੋਲ ਜਿੱਥੇ ਮੰਗੂ ਬੈਠਦਾ ਸੀ ਉਸਦੇ ਪਾਸ ਹੋਸੀ ਘਰ ਨਾਈਆਂਦਾ॥ਮਿੱਠੀ ਨਾਇਣਨਾਲੋਂ ਘਰਾਂਦੀ ਖਸਮਣੀਸੀ ਨਾਈ ਕੀਮ ਕਰਦੇ ਫਿਰਨਨਾਈਆਂਦਾ ॥ ਘਰਨਾਈਆਂਦੇਹੁਕਮ ਹੈ ਰਾਂਝਣੇਦਾ ਜਿਵੇਂ ਸਾਹੁਰੇ ਹੁਕਮ ਜਵਾਈਆਂਦਾ॥ਚਾਲ ਢਾਲ ਮਿਟੇਫਿਰਨਵਾਲਿਆਂਦੀਸ਼ਾਰਾਖੁਲਵਾਲੇ ਫਤੂਲਾਈਆਂ ਦਾ॥ ਮਿੱਠੀਸੇਜਵਛਾਇਕੇ ਫੁਲਪੂਰੇਉਤੇਆਂਵਦਾਕਦਮਖੁਦਾਈਆਂ ਦਾ॥ਦੋਵੇਂ ਹੀਰਰਾਂਝਾ ਰਾਤੀ ਕਰਨਮੌਜਾਂਖਡੀਆਂ ਖਾਨ ਮੌਜੀ ਸਿਰਸਾਈਆਂਦਾ ॥ ਘੜੀ ਰਾਤਰਹਿੰਦੀ ਹੀਰ ਘਰੀਂ ਜਾਂਦੀ ਰਾਂਝਾ ਭਾਉ ਪੁਗਾਂਵਦਾ ਧਾਈਆਂ ਦਾ ॥ ਆਪੋ ਆਪਣੀ ਦਾਰ ਮੈਂ ਹੁਸਨ ਦੋਵੇਂ ਸੂਹਾ ਵੇਖਦੇ ਨਹੀਂ ਫਿਰ ਨਾਈਆਂ ਦਾ ॥

॥ਰਾਂਝਾ ਪੁੱਛਦਾਹੈਇਸ਼ਕ ਦੇ ਨਾਮ ਮਿਠੀ ਕੋਲੋਂ ॥

ਰਾਂਝਾ ਜਾਇਕੇ ਪੁੱਛਦਾ ਮਿੱਠੜੀਨੂੰਦੱਸੀਂ ਇਸ਼ਕ ਕੇਹਾ ਕੇਹੜੀ ਜ਼ਾਤਦਾ ਨੀ ॥ ਮਿੱਠਾ ਸੁਆਦ ਬਹਿਸ਼ਤਦੇ ਮੇਵਿਆਂ ਦਾ ਨਹੀਂ ਹੋਰ ਮਿੱਠਾ ਕਿਸੇ ਬਾਗ਼ਦਾਨੀ॥ ਨੇਕਬਖਤ ਜੇਹੀ ਵਿਸ ਆਂ- ਵਦੀ ਹੈਂ ਸਚ ਦਸ ਖੁਦਾਇਦਾ ਵਾਸਤਾ ਨੀ ॥ ਵਾਰਸਸ਼ਾਹ ਪਛਾਣਕੇ ਦਸ ਮੈਨੂੰ ਇਹ ਇਸ਼ਕ ਕੇਹਾਕੇਹੜੀਜ਼ਾਤਦਾਨੀ॥

॥ ਕਲਾਮ ਮਿੱਠੀ ਨਾਇਣ ॥

ਐਨਾਇਸ਼ਕਹੈਗਾਖਮਿਆਰੀਆਂਦਾ ਅਤੇ ਭੇਖਣਾ ਦਾ ਖਰਾ

ਨਮੋਹਰਾ ਵੇ ॥ ਜੇਹੜਾ ਕੱਚਾ ਸੀ ਇਸ਼ਕ ਜੁਲਾਹੀਆਂ ਦਾ ਫੇਰ ਨਾਇਣੀ ਦਾ ਫਾਹਾ ਫੇਰਦਾ ਵੇ॥ ਫਿਰ ਠੋਂਦਵਾਂ ਇਸ਼ਕ ਤਰਖਾਣੀਆਂ ਦਾ ਤੇ ਮਛਾਣੀਆਂ ਦਾ ਲੀਖੂ ਲੋਹੜਾ ਵੇ॥ ਫਿਮਾਂ ਇਸ਼ਕ ਅਮੀਲ ਸੀ ਜੱਟੀਆਂ ਦਾ ਜਿਵੇਂ ਪੰਛੀਆਂ ਦੇ ਵਿਚ ਚੋਹੜਾ ਵੇ ॥ ਖੜਾ ਖੰਦਾ ਇਸ਼ਕ ਬਰਵਾਲੀਆਂ ਦਾ ਪਿੱਛੇ ਰਹਿਆ ਲੁਹਾਰੀ ਦਾ ਬੋਹੜਾ ਵੇ ॥ ਲੜੀ ਵਾਂਗ ਸੀ ਇਸ਼ਕ ਬਰਾੜੀਆਂ ਦਾ ਅਗੇ ਬ੍ਰਾਹਮਣੀ ਦਾ ਖੀਰ ਏਹੜਾ ਵੇ ॥ ਨੇਕੇ ਮਾਰਦਾ ਇਸ਼ਕ ਸੁਨਿਆਰੀਆਂ ਦਾ ਅਤੇ ਧੋਬਣੀ ਦਾ ਕਲਾਵੇਂ ਪਿਛਾ ਵੇ॥ ਤ੍ਰਿਖਾ ਇਸ਼ਕ ਬਧਿਆੜ ਇਆਲਨੀ ਦਾ ਅਤੇ ਸ਼ੇਖਣੀ ਦਾ ਜਬਰ ਜੇਹੜਾ ਵੇ॥ ਰਜਿਆ ਇਸ਼ਕ ਛੂਵਾਲੀ ਦਾ ਖਿਲ ਵਾਗਾਂ ਨਹੁ ਨਹੀਂ ਲੈਂਦਾ ਚੰਗਾ ਘੋੜਾ ਵੇ ॥ ਮੁਸਲਹਜ਼ਰੇ ਇਸ਼ਕ ਦਰਵੇਸ਼ਨੀ ਦਾ ਡਰਿਆ ਡੂਮਣੀ ਦੇ ਅੱਗੇ ਵੈਦਲਾਈ ॥ ਉਤੂ ਸਾਧਿਆ ਇਸ਼ਕ ਮੱਥਲਾਦਨੀ ਦਾ ਰੰਗ ਖਿੜਾ ਅਰੋੜਦੇ ਵਿੱਚ ਦਾਈ॥ ਨੇੜੇ ਢੁਕਦਾ ਇਸ਼ਕ ਰੰਗਰੇਜ਼ਰੀਆਂ ਦਾ ਤੇ ਖੇਲ ਕੰਵਾਂ ਚੱਟ ਪਾਈ॥ ਇਸ਼ਕ ਦਾੜ੍ਹੀ ਵਾਲੀਆਂ ਚੂੜ੍ਹੀਆਂ ਦਾ ਅਤੇ ਮੋਚਣੀ ਦਾ ਖਰਾ ਜਾਲ ਪਾਈ॥ ਪਿਛਹੁੰ ਬਦਾਂ ਇਸ਼ਕ ਸੀ ਮਿਹਤਰੀਆਂ ਵਿਚ ਰੰਗਾਈ ਦਾ ਘੂਰੀ ਘਤ ਆਈ॥ ਇਸ਼ਕ ਸਾਹਮਿਆਂ ਦੀ ਦਾ ਘਟਾਂ ਕਾਲੀ ਅਗੋਂ ਕਹੇ ਬਹੁਪਣੀ ਧਾੜ ਆਈ॥ ਕੰਜਰੇ ਵਾਂਗ ਜੈਂਦੀ ਦਰਜ਼ਿਆਣੀਆਂ ਦਾ ਇਸ਼ਕ ਵੇਖ ਚੀਚੀ ਨਣੀ ਚੈਹ ਲਾਈ ॥ ਪਕ ਲਾਲੀ ਵੀਹੇਗੀ ਇਸ਼ਕ ਮੋਹਰੀਆਂ ਦੇ ਅੱਗੇ

ਸਿੰਧਣੀ ਦਾ ਆਵੇ ਡਾਂਗ ਭਾਈ॥ ਨੌਮ ਚਲਿਆ ਇਸ਼ਕ ਕ-ਲਾਲਨੀ ਦਾ ਇਸ਼ਕ ਕੰਜਰੀ ਦਾ ਆਖੇ ਰਖ ਭਾਈ॥ ਤਾਰ-ਖਾਣੀ ਦਾ ਪਿਆ ਸੀ ਧੜ ਹੱਲੇ ਜਿਵੇਂ ਥੱਤ ਮੁਹਿਮ ਸੁਆਰ ਆਈ॥ ਪਿਛਮਾਇਆ ਇਸ਼ਕ ਅਚਾਰਜਨੀ ਦਾ ਜੇਹੜੀ ਤਤੜਾ ਧਾਨ ਕੁਧਾਨ ਖਾਈ॥ ਸੱਤਮੀਂ ਨਸੀ ਇਸ਼ਕ ਸਰਾਫਣੀ ਦਾ ਜਿਸ ਦੇ ਸੋਹਰ ਮੁਹੰਮਦ ਸ਼ਾਹ ਲਾਈ॥ ਚੜ੍ਹਿਆ ਊਠ ਤੇ ਇਸ਼ਕ ਬਲੋਚਣੀ ਦਾ ਮਾਰੇ ਧਾਮਲਾ ਤੇ ਫਿਰੇ ਸਾਂਗ ਭਾਈ॥ ਕੂ ਜਵਾਂ ਬਾਕੂ ਰਲਾਏ ਸਿਪਾਹਣੀ ਦਾ ਜਿਧਾ ਕੰਤ ਪ੍ਰਦੇਸ ਨਾ ਸੁਧ ਕਾਈ॥ ਚੜ੍ਹਿਆ ਕੰਧਾਰ ਤੋਂ ਇਸ਼ਕ ਮੁਗਲਾਣੀਆਂ ਦਾ ਅਰੀ ਮੜ੍ਹਾ ਪਠਾਣੀ ਦਾ ਕਮਰ ਲਾਈ॥ ਸਾਂਗ ਪਕੜਦਾਂ ਇਸ਼ਕ ਮੁਰਤਦਣੀ ਦਾ ਅਰੇ ਮੜ੍ਹਾ ਫਰੰਗਣਾਂ ਤੇਗ ਚਾਈ॥ ਡੂੰਮੇ ਸੱਠ ਸਹੇਲੀ ਦਾ ਇਸ਼ਕ ਤੁਰਾ ਇਕ ਦੂਸਰੀ ਨਾਲ ਨਾ ਰਲੇ ਕਾਈ॥ ਪਿਛੇ ਮਾਰਿਆ ਇਸ਼ਕ ਸਹੇਲੀਆਂ ਦਾ ਖੜਾ ਵਿਚ ਮੈਦਾਨ ਦੇ ਡੇਰੂ ਲਾਈ॥ ਉਹ ਮਹਿਲ ਤੇ ਮਾੜੀਆਂ ਪਿਛੇ ਰਹਿਆ ਬਾਹਰ ਰਾਹ ਦੇ ਨੇੜੇ ਪੜੀ ਆਣ ਲਾਈ॥ ਦਾਹਮ ਸ਼ਾਹ ਸ਼ਖਤਾਵਰੀ ਘੜੀ ਹੋਇਆ ਜੇ ਹੀਰ ਦਾ ਰਾਂਝਿਆ ਸਾਥ ਕਾਈ॥

॥ ਕਲਾਮ ਸ਼ਾਇਰ ॥

ਦਿਨ ਹੋਏ ਦੁਪਹਿਰ ਤੇ ਆਵੇ ਰਾਂਝਾ ਅਤੇ ਉਧਰੋਂ ਹੀਰ ਵੀ ਆਉਂਦੀ ਹੈ॥ ਉਹ ਮੱਝੀਂ ਨੂੰ ਆਣ ਬਹਾਉਂਦਾ ਹੀ ਹੀਰ ਨਾਲ ਸਹੇਲੀਆਂ ਆਂਵਦੀ ਹੈ॥ ਉਹ ਵੇਖਦੀ ਨਾਦ ਸਰੋਦ ਕਰਦਾ

ਓਹ ਸਣੇ ਸਹੇਲੀਆਂ ਗਾਂਵਦੀ ਹੈ॥ ਕਾਈ ਛੁਲਕ ਨਚੇਂਵਦੀ ਗੱਭੇ ਨੈਣਦੀ ਕਾਈ ਨਾਲ ਕਲੇਜੇ ਦੇ ਲਾਉਂਦੀ ਹੈ॥ ਕਾਈ ਚਿੱਥੜੇ ਲੱਕ ਨੂੰ ਮਸ਼ਕ ਬੈਠੀ ਕਾਈ ਮੁਖ ਨੂੰ ਮੁਖ ਛੁਹਾਂਵਦੀ ਹੈ॥ ਕਾਈ ਟੁੱਬੀਆਂ ਮਾਰ ਕੇ ਭਜ ਜਾਂਦੀ ਪਵੇ ਮਗਰ ਤਾਂ ਪਾਸ ਨੂੰ ਧਾਂਵਦੀ ਹੈ॥ ਕਾਈ ਆਖਦੀ ਮਾਹੀਆ ਮਾਹੀਆ ਵੇ ਤੇਰੀ ਮੱਝ ਬੂਰੀ ਕੱਟਾ ਜਾਂਵਦੀ ਹੈ॥ ਕਾਈ ਮਾਮਿਆਂ ਦੇ ਖਰਬੂਜਿਆਂ ਨੂੰ ਕੋਲ ਕੇ ਥਕ ਥਕ ਕੇ ਗਾਇ ਬਣਾਂਵਦੀ ਹੈ॥ ਕੋਈ ਆਖਦੀ ਬੈਠੀ ਹਾਂ ਹਾਂ ਝਿਆ ਵੇ ਮਾਹ ਬਾਹੁਲੀ ਪਾਰ ਨੂੰ ਧਾਂਵਦੀ ਹੈ॥ ਕਾਈ ਨਾਤੀਆਂ ਤਰਦੀਆਂ ਚਾਉ ਕਰਕੇ ਕਾਈ ਛਲ ਬਧਿਆੜ ਦੀ ਲਾਂਵਦੀ ਹੈ॥ ਇਕ ਸ਼ਰਤ ਬੱਧੀ ਚੁੱਭੀ ਮਾਰ ਜਾਂਦੀ ਤੇ ਪਤਾਲ ਦੀ ਮਿੱਟੀ ਲਿਆਂਵਦੀ ਹੈ॥ ਇਕ ਬਣੇ ਚਤੁਰਾਂਗ ਮੁਰਗਾਬੀਆਂ ਹੋ ਸੁਰਖ਼ਾਬ ਤੇ ਕੂੰਜ ਬਣ ਆਂਵਦੀ ਹੈ॥ ਇਕ ਢੀਂਗ ਮੁਰਗਾਬੀਆਂ ਹੋਣ ਬਗ-ਲੇ ਇਕ ਕਿਲ ਕਿਲ ਹੋਇ ਦਿਖਾਂਵਦੀ ਹੈ॥ ਇਕ ਦਾਂਗ ਕੂ-ਹੀਆਂ ਬਾਜ਼ ਚਿਰ ਲੱਗਣ ਇਕ ਫੇੜਨੇ ਨੂੰ ਚਲੀ ਆਂਵਦੀ ਹੈ॥ ਇਕ ਲੁਧੜ ਹੋਇ ਕੇ ਕੜਕੜਾਵੇ ਇਕ ਵਾਂਗ ਸਿਸਾਰ ਸ਼ੂਕਾਂਵਦੀ ਹੈ॥ ਇਕ ਉਨਹਾਂ ਬੋਲ ਕੇ ਹੋਇ ਤੇਰੀ ਇਕ ਸੰਖ ਚਲ ਗਾਂਵਣੇ ਆਂਵਦੀ ਹੈ॥ ਇਕ ਦੇ ਪਲਸੇਟੀਆਂ ਹੋ ਬੈਠਕ ਮਸ਼ਕ ਵਾਂਗ ਓਹ ਫੂਕ ਫੁਲਾਂਵਦੀ ਹੈ॥ ਹੀਰ ਤਰ ਕੇ ਚੌਗਿਰਦ ਹੇਠ ਦੇ ਵਲੇ ਦੇ ਮੋਰ ਮੱਛਲੀ ਬਣ ਬਣ ਆਂਵਦੀ ਹੈ॥ ਆਪ ਬਣੇ ਮਛਲੀ ਨਾਲ ਚਾਵੜਾਂ ਦੇ ਪਾਸ ਰਾਂਝੇ ਨੂੰ ਕੁਰਲ ਬਣਾਂਵਦੀ ਹੈ॥

ਏਸ ਤਖਤ ਹਜ਼ਾਰੇ ਦੇ ਡੋਗਰੇਨੂੰ ਰੰਗਰੰਗ ਦੀਆਂ ਗਾਲੀਆਂ ਪਾਂਵਦੀ ਹੈ ॥ ਵਾਰਸਸ਼ਾਹ ਮੀਆਂ ਜੱਟੀ ਨਾਜ਼ ਕਰਕੇ ਨਿੱਤ ਯਾਰ ਦਾ ਜੀਉ ਪਰਚਾਂਵਦੀ ਹੈ ॥

॥ ਕੈਦੋ ਕਹਿੰਦਾ ਮਲਕੀ ਨੂੰ ॥

ਕੈਦੋ ਆਖਦਾ ਡੋਗਰੀਏ ਮਲਕੀਏ ਨੀ ਤੇਰੀ ਧੀ ਵਡਾ ਚਿਹ ਚਾਇਆਈ ॥ ਜਾਇ ਨਦੀ ਤੇ ਰਾਗ ਦੇ ਨਾਲ ਘੁਲਦੀਏਸ ਮੁਲਖਦਾ ਰਾਹ ਗਵਾਇਆਈ ॥ ਮਾਂ ਆਖਦੀ ਬਾਪਤੇਨਾਲ ਬਾਜੀ ਏਸ ਸਭਨਾਂਦਾ ਭਰੇ ਝੁਕਾਇਆਈ ॥ ਕਹਿਆਮੰਨਦੀ ਨਹੀਂ ਸ਼ਰਾਉਦਾ ਜੀ ਏਸ ਸ਼ਰਮ ਹਯਾ ਗਵਾਇਆਈ ॥ ਮੂੰਹ ਘੁਟ ਰਹੀਆਂ ਵਾਲ ਪੁਟ ਰਹੀਆਂ ਅੰਤ ਹੱਟ ਰਹੀਆਂ ਰੋਬ ਲਾਇਆਈ ॥ ਰਹੀ ਅੱਡੀਆਂ ਪੁਟ ਨਿਖੁਟ ਰਹੀ ਲਿਟਾਂ ਖੁਟ ਰਹੀ ਤੇਲ ਪਾਇਆਈ ॥ ਮੱਤ ਦੇ ਰਹੀ ਪੀਰ ਸਿਊਂ ਰਹੀ ਪੰਗੀ ਪ ਰਹੀ ਲੋਹੜਾ ਆਇਆਈ ॥ ਵਾਰਸਸ਼ਾਹ ਮੀਆਂ ਸੁਤੇ ਮਾਮਲੇ ਨੂੰ ਲੰਡੇ ਰਿੱਛ ਨੇ ਆਇ ਜਗਾਇਆਈ ॥

॥ ਜਵਾਬ ਮਲਕੀ ॥

ਮਲਕੀ ਖਾਇ ਗੁੱਸਾ ਤੱਤ ਲਾਲ ਹੋਈ ਝੱਗ ਦੋਜ਼ਖੂ ਔਤਰੀਆ ਨਾਈਆ ਵੇ ॥ ਅਲਫੂ ਮੋਚੀਆ ਮੌਜੂਆ ਵਾਗੀਆ ਵੇ ਛੰਨੂ ਮਾਛੀਆ ਝਜਨੂੰ ਤਾਈਆ ਵੇ ॥ ਖੇਡਣ ਗਈ ਮੂੰਹ ਸੇਵਲੇ ਘਰੋਂ ਨਿੱਕਲ ਨਿਆ ਸ਼ਾਮ ਹੋਈ ਨਾਹੀਂ ਆਈਆ ਵੇ ॥ ਵਾਰਸਸ਼ਾਹ ਅਜੇ ਘਰ ਨਹੀ ਆਈ ਮੇਹਰ ਮੰਗੂਆਂ ਦੀ ਘਰੀਂ ਆਈਆ ਵੇ ॥

## ॥ ਹੀਰ ਨੂੰ ਸੱਦਨ ਗਏ ॥

ਅਗਰੂ ਡੂਮ ਤੇ ਫੱਤੂ ਕਹਾਰ ਦੌੜੇ ਬੇਲਾ ਢੂੰਢਿਆ ਫ਼ਿਰੂ ਬਾਕ
ਮੀਆਂ ॥ ਜਾਇ ਹੀਰ ਅਗੇ ਧ੍ਰਿਮਾਂ ਪੱਟੀਆਂ ਨੇ ਬੱਚੀ ਕਹੀ
ਉਜਾੜੀਉ ਖ਼ਾਕ ਮੀਆਂ ॥ ਤੇਰੀ ਮਾਉਂ ਤੇਰੇਉਤੇਬਹੁਤਗੁਸੇ
ਜਾਨੋਂ ਮਾਰਸੀ ਚੂਚਕ ਬਾਪ ਮੀਆਂ ॥ਵਾਰਸਸ਼ਾਹ ਤੇਰੇਉਤੇ
ਆਣ ਬਣੀਆਂ ਨਾਲੇ ਆਖਦੇ ਮਾਰਨਾ ਭਾਕ ਮੀਆਂ॥ਤੇਰਾ
ਐਵਦੀ ਫਾਲੀਤੇਕਰੇਮੈਂਜਾਂਤੇ ਕੁਲੇਲਜ਼ਾਪਵੇ ਪਵਾਕਮੀਆਂ॥
ਮਸਾਲ ਗ਼ਜ਼ਬ ਗੁਜ਼ਾਰਦੇ ਟਲਨ ਨਾਹੀਂ ਗਿਣਨ ਆਪ ਨੂੰ
ਬਹੁਤ ਚਲਾਕ ਮੀਆਂ ॥ ਚੂਲ੍ਹੇ ਮਸਾਲ ਨੇ ਅੱਜ ਨਾ ਅੱਗ
ਪਾਈ ਸਾਰਾ ਕੋੜਮਾਂ ਬਹੁਤ ਗ਼ਮਨਾਕ ਮੀਆਂ ॥ਵਾਰਸਸ਼ਾਹ
ਧੜੀਮਾਂ ਦੇ ਮਾਰ[illegible]ਨੂੰ ਸਭੇ ਜੁੜੀਸਿਆਲਾਂਦੀ ਢਾਕਮੀਆਂ॥

## ॥ ਹੀਰ ਘਰ ਆਈ ॥

ਹੀਰ ਮਾਉਂ ਨੂੰ ਆਨ ਸਲਾਮਕੀਤਾ ਮਾਉਂ ਆਖਦੀਆਉਧੀਂ
ਨਹਿਰੀਏ ਨੀ॥ਬਾਵਲੀਏ ਚੋਲੀਏ ਬੇਹਯਾਏ ਖੜਦੂੰਬੀਏ
ਮਸਤ ਗੁਲਹਿਰੀਏ ਨੀ ॥ਉੱਧਲਜਾਇੰ ਤੂੰ ਭਾਕਨੂੰਖਾਣੀਏ
ਨੀ ਫੈਲ ਫਿਦ੍ਨੇ ਫਾਈਏ ਫਹਿਰੀਏਨੀ ॥ ਚੋਰ ਭਿੰਗੀਏ
ਰੀੜੀ ਇਮਾਲਜ਼ਾਦੀ ਗੁਸੇਮਾਰੀਏ ਜ਼ਹਿਰਦੀਏਜ਼ਹਿਰੀਏਨੀ
॥ਫਿਰੀ ਢੂਢੀ ਕੁੱਟਾਂ ਨਾਲ ਭੈੜਿਆਂ ਦੇ ਲਿੰਗ ਘੜੇਂਗੀਨਾਲ
ਮੁਛਹਿਰੀਏ ਨੀ॥ਤੂੰ ਆਇਕੇ ਸਾਡੜੇਲੇਖਵਿਗਾੜਿਆ ਤੈਡੀ ਭਖ
ਸੀਦਨੇ ਬਦੀਲਹਿਰੀਏ ਨੀ ॥ ਮਾਉਂ ਆਖਦੀ ਚਾ ਵਲ ਸ਼ਾਹ

ਮੁਈਦ ਮਹਿਰਰਾਂਝੇ ਦੇ ਨਾਲ ਚੀਝੇ ਮਹਿਰੀਏਨੀ॥ਸਾਹਨੇ ਨਾਲ ਦਿਨੇ ਰਾਤੀਂ ਮੇਲ ਤੇਰਾ ਆਉ ਟਲੀਂ ਨੀ ਮੁੰਡੀਏ ਝਹਿਰੀਏ ਨੀ॥ ਅੱਜ ਰਾਤ ਤੈਨੂੰ ਮੈਂ ਬਨਾਇ ਤੋਬਾ ਤੇਰੀ ਸ਼ਾਇਤ ਆਈ ਬੁਰੀ ਕਹਿਰੀਏ ਨੀ ॥ਵਾਰਸਸ਼ਾਹ ਦੇ ਆਖੇ ਤੂੰ ਨਾ ਲੱਗੇਂ ਤੈਨੂੰ ਮਾਰ ਉਡਾਵਸਾਂ ਫੇਫੀਏਨੀ ॥

## ॥ ਕਲਾਮ ਹੀਰ ॥

ਐਮਾਂ ਚਾਕ ਬੇਲੇ ਅਸੀਂ ਪੀਂਘਪੀਘਾਂ ਕੇਹੇ ਗ਼ੈਬਦੇ ਕੂੜੀਏ ਬੋਲਨੀ ਹੈਂ ॥ ਕਹਿੰਦਾ ਝੂਠ ਮਲੂਕ ਮੂੰਹ ਬਹੁਤ ਤੇਰਾਐਡਾ ਝੂਠ ਪਹਾੜ ਢਾਤੋਲਨੀ ਹੈਂ॥ ਸੂਲਾਂ ਨਾਲ ਗਲਾਂਖਤਿਆਰ ਕੀਤਾ ਵਿੱਚ ਹਿੰਗ ਪਿਆਜ਼ ਕਿਉਂ ਘੋਲਨੀਹੈਂ॥ਆਪੀ ਕਿਸੇ ਦੀ ਨਹੀਂ ਚੂਰਾ ਆਂਦੀ ਵਾਨੀ ਹੋਕੇ ਗੈਬ ਕਸੋਂ ਤੋਲਨੀਹੈਂ॥ ਅਣਸੁਣਿਆਂ ਨੂੰ ਚਾ ਸੁਣਾਵਨੀ ਹੈਂ ਮੋਏ ਸੱਪ ਵਾਂਗੂ ਵਿਸ ਘੋਲਨੀ ਹੈਂ ॥ ਵਾਰਸਸ਼ਾਹ ਗੁਨਾਹ ਕੀ ਅਸਾਂ ਕੀਤਾਐਡੇ ਗੈਬ ਦੇ ਬੋਲ ਕਿਉਂ ਬੋਲਨੀ ਹੈਂ ॥

## ॥ ਕਲਾਮ ਮਲਕੀ ॥

ਸਕੇ ਲੇਖਸਾਂਚੇ ਤੈਨੂੰ ਲਜ ਨਾਹੀਂ ਵਡੀਸੋਹਨੀਵੇਹੀਨੂੰਈਕ ਲੱਗੀ ॥ ਨਿਤਕਰੇਂ ਤੋਬਾ ਨਿਤਕਰੇਂ ਧਾਰੀਨਿਤਕਰੇਂਪਾਖੰਡ ਤੇ ਨਿਤਠੱਗੀ ॥ ਅਸੀਂਮਨੇਖਟਰਹੇਤੇਮੁੜੇ ਨਾਹੀਤੈਨੂੰਕਿਸੇ ਫ਼ਕੀਰ ਦੀ ਕੇਹੀ ਢੱਗੀ ॥ ਵਾਰਸਸ਼ਾਹ ਨੇ ਦੁਧ ਤੇ ਦਹੀਂ ਖਾਧਾ ਮਾਰੀ ਫਿਟਕ ਦੀ ਤੂੰ ਹੋਇ ਰਹੀ ਢੱਗੀ ॥

॥ ਕਲਾਮ ਹੀਰ ॥

ਅੰਮਾਂਬੱਸਕਰਗਾਲੀਆਂਦੇਹਨਾਹੀਂ ਗਾਲ੍ਹੀਂ ਦਿੱਤਿਆਂ ਵਡਾ
ਪਾਪ ਆਵੇ ॥ ਨੀਉਂ ਰੱਬ ਦੀ ਪਟਨੀ ਬੜੀ ਮੁਸ਼ਕਲ ਧੀ
ਮਾਰਨੀ ਵਡਾ ਸੰਤਾਪ ਆਵੇ॥ਲੈਜਾਏ ਮੈਨੂੰ ਡੱਥਾਪਿਟਦੀਨੂੰ
ਕੋਈ ਗ਼ੈਬ ਦੇ ਸੂਲ ਦਾ ਤਾਪ ਆਵੇ॥ਵਾਰਸਸ਼ਾਹ ਨਾਂ ਮੁੜਾਂ
ਰੰਝੇਟੜੇ ਤੋਂ ਭਾਵੇਂ ਬਾਪ ਦੇ ਬਾਪ ਦਾ ਬਾਪ ਆਵੇ ॥

॥ ਕਲਾਮ ਕੈਦੋ ॥

ਕੈਦੋਆਖਿਆਸੁਣੀਂਤੂੰਸਹੁਰਿਆ ਓਇ ਮੈਥੋਂ ਕੌਣ ਚੰਗਾਮੱਤ
ਦੇਸੀਆ ਓਇ ॥ ਹੁਣੇ ਮੇਹਣੇ ਹੀਰ ਸਯਾਲ ਦੇਨੀਅੱਜਕੱਲ
ਵਿਗਾੜ ਕਰੇਸੀਆ ਓਇ॥ ਏਹ ਨਿਤ ਦਾ ਪਜਾਰ ਨਾਜਾਣ
ਮਾਲੀ ਪਿੰਜ ਚੱਡਦਾਪਾਸ ਨਾਦੇਸੀਆਓਇ ॥ ਪਾਸੇ ਸਹਿਰ
ਸਯਾਲ ਨੇ ਗੱਲ ਟਾਲੀ ਪਰਾਂ ਛੱਡ ਝੇੜੇ ਬਹੁ ਭੇਖੀਆਓਇ ॥
ਰਨਾ ਇਕ ਦਯੀਕ ਹੈ ਲੈਂਹਿਆਂ ਦੀ ਖ੍ਰਿਤਘਨਾ ਦਰਵੇਸ
ਮਲਕੇਸੀਆ ਓਇ॥ਕੋਈ ਰੋਜਨੂੰਮੁਲਕਮਸ਼ਹੂਰਹੋਸਨਕੈਦੀ
ਯਾਰੀ ਤੇ ਐਬ ਕੁਆਰੀਆਂ ਨੂੰ॥ਜਿਨ੍ਹਾਂਬਾਣਹੈ ਨੱਚਣੇਟੱਪਣੇ
ਦੀ ਕਹੇ ਕੌਣਰੰਨਾਂ ਹੱਲਾਰੀਆਂ ਨੂੰ ॥ ਇਸ ਪਾਇਫੂਲਾਦਗਾ
ਠੱਗਿਆ ਜੋ ਕੰਮ ਪਹੁੰਚਸੀ ਬਹੁਤਖੁਆਰੀਆਂਨੂੰ॥ਜਦੋਂਚਾਕ
ਉਧਾਲ ਲੈ ਜਾਇ ਨੱਢੀ ਤਦੋਂ ਝੂਰਸੈਂ ਬਾਜ਼ੀਆਂ ਹਾਰੀਆਂ
ਨੂੰ॥ ਵਾਰਸਸ਼ਾਹ ਮੀਆਂ ਜਿਨ੍ਹਾਂ ਲਾਈਆਂ ਨੀ ਸੋਈ ਜਾਣ-
ਦੇ ਲਾਈਆਂ ਯਾਰੀਆਂ ਨੂੰ ॥

॥ ਸਹੇਲੀਆਂ ਨੇ ਖ਼ਬਰ ਦਿੱਤੀ ॥

ਕਿੱਸਾ ਹੀਰ ਨੂੰ ਤੁਰਤ ਸਹੇਲੀਆਂ ਨੇ ਜਾਇ ਕੰਨਦੇ ਵਿਚ ਸੁਨਾਇਆਈ ॥ ਤੈਨੂੰ ਚਾਕਦਾ ਮੇਹਣਾਦੇਇਕੈਦੇ ਉਸ ਮਾਂ ਵਿਚ ਸ਼ੋਰ ਮਚਾਇਆਈ ॥ ਧਰਵੇਲ ਹਰਾਮ ਸ਼ੈਤਾ ਭੈੜਾ ਵਿੱਚ ਮੈਦਾਨ ਦੇ ਲਾਇਆਈ ॥ ਏਹਗੱਲਜੇ ਜਾ ਅੱਗ੍ਰਖਾਲੀਹੀਰਕਾਸਨੂੰ ਨਾਮਧਰਾਇਆਈ ॥ ਕਰ ਛੱਡਣੀ ਏਸ ਦੇ ਨਾਲ ਐਸੀ ਮੁਹੇ ਦੇਸ ਜੋ ਕੀਤੜਾ ਪਾਇਆਈ ॥ ਵਾਰਸਸ਼ਾਹ ਅਪਰਾਧ ਹੀ ਆਇ ਚੜ੍ਹਿਆ ਲੈਕੇ ਕਿੱਕ ਨੇ ਮਾਮਲਾ ਚਾਇਆਈ ॥

॥ ਹੀਰ ਆਖਦੀ ਹੈ ਸਹੇਲੀਆਂ ਨੂੰ ॥

ਚਲੋ ਮਿਲੋ ਖਾਂ ਤੁਸਾਂ ਸਹੇਲੀਓ ਨੀ ਲੈਕੇ ਲੁਚੇ ਦੀ ਪੈਜ ਸਵਾਰੀਏਨੀ ॥ ਮਾਰ ਕੁਟ ਕੇ ਕੁਵਣਾ ਮਾਛੀਆਂ ਦੇ ਏਹਨੂੰ ਜਾਨਵੀਂ ਮਾਰ ਉਤਾਰੀਏਨੀ ॥ ਏਹਨੂੰਮਾਰਕੇ ਚੱਲੀਏ ਪਰੇ ਅੰਦਰ ਚਲੋ ਚਲੋਹੋ ਹਾਲ ਪੁਕਾਰੀਏ ਨੀ ॥ ਵਾਰਸ ਸ਼ਾਹ ਸਹੇਲੀਆਂਆਖਦੀਆਂਨੀ ਏਹੁਚਾਲਕੀ ਸਿੱਖਤ੍ਰਾਰੀਏਨੀ ॥

॥ ਕਲਾਮ ਹੀਰ ॥

ਹੀਰਆਖਿਆ ਵਾੜਕੇ ਚਲੋ ਅੰਦਰ ਗਲ ਪਾਇ ਰੱਸਾ ਮੂੰਹ ਘੁੱਟ ਘਤੋ ॥ ਟੰਗੋਂ ਪਕੜਕੇ ਲੱਕਵਿੱਚਪਾਇਸੋਟੀਕਿਸੇਖੂਹ ਖਾਤ ਵਿਚ ਸੁੱਟ ਘਤੋ॥ਮਾਰੋ ਇਸ ਨੂੰ ਲਾਇਕੇ ਅੱਗ ਛੁਰੀ ਸਾੜ ਖਾਲ ਏਹ ਨੂੰ ਸਭ ਲੁੱਟ ਘਤੋ ॥ ਲੈਕੇ ਕੁਤਕੇ ਕੱਢਕੇ

ਮਾਛੀਆਂ ਦੇ ਯਾਰ ਧਾੜਵੀ ਮਾਰਕੇ ਕੁਟ ਘੱਤੇ॥ ਵਾਰਸਸ਼ਾਹ ਮੀਆਂ ਦਾੜ੍ਹੀ ਭਿਬਲੀਦਾ ਕੇਹੀ ਵਾਲ ਵਿੱਸਿਸੇਈ ਪੁਟ ਸੱਟੇ॥

॥ ਕਲਾਮ ਸ਼ਾਇਰ ॥

ਨਾਲ ਰਲਕੇ ਸੱਈਆਂ ਮਤਾ ਕੀਤਾ ਖਿੜ ਹੁੰਡਕੇ ਚਲੀਆਂ ਮੱਲੀਆਂ ਨੇ ॥ ਕੈਦੋ ਜਾ ਇਦਾੜਿਆ ਸਦੇ ਫਲੇ ਅੰਦਰ ਖਬਰਾਂ ਹੀਰ ਨੂੰ ਤੁਰਤ ਹੀ ਘੱਲੀਆਂ ਨੇ ॥ ਹੱਥੀਂ ਪਕੜ ਛਮਕਾਂ ਵਾਂਗ ਸ਼ਾਹਪਰੀਆਂ ਗੁਸਾ ਖਾਕੇ ਮਾਰੀਆਂ ਹੱਲੀਆਂ ਨੇ ॥ ਕੈਦੋ ਘੇਰਿਆ ਜਿਵੇਂ ਘੁਮਿਆਰ ਗੱਦੋਂ ਲਾਹ ਸੇਲ੍ਹੀਆਂ ਪਕੜ ਪਥੱਲੀਆਂ ਨੇ॥ ਪਾੜ ਘੱਤਣ ਸੁਨਿਆਰ ਤੇ ਪੈਨ ਧਮਕਾਂ ਧਾਈਂ ਫੜਨ ਮੱਲੀ ਲੈਕੇ ਚੱਲੀਆਂ ਨੇ ॥ ਵਾਰਸਸ਼ਾਹ ਦਾੜ੍ਹੀ ਪੱਟ ਪਾੜ ਲਾਂਗੜ ਢੇਰ ਢੇਰ ਕਰਕੇ ਢਾ ਕਢਿਆ ਨੇ॥ ਗਲੋਂ ਲਾਹ ਸੇਲ੍ਹੀ ਸਿਰੋਂ ਪਾੜ ਟੋਪੀ ਮਾਰ ਜੁੱਤੀਆਂ ਸਿਧ ਨੂੰ ਪੁੱਟਿਆ ਨੇ ॥ ਭੰਨ ਤੋੜ ਕੇ ਕੁਟਕੇ ਫਜ਼ਨ ਲੱਤੀਂ ਰੋੜ੍ਹ ਵਿਚ ਖਲੇਰਦੇ ਸੁੱਟਿਆ ਨੇ ॥ ਫੇਰ ਸਿਰ ਫੇੜਕੇ ਘਤ ਮੂੰਧਾ ਲਾਂਗੜ ਪਾੜ ਪਤਲਾ ਸੜ ਕੁੱਟਿਆ ਨੇ॥ ਵਾਰਸਸ਼ਾਹ ਭੂਤਾਂ ਨਬਦ ਬਖਤ ਕੈਦੋ ਪਰੀਆਂ ਪਕੜਕੇ ਮਾਰਕੇ ਲੁੱਟਿਆ ਨੇ ॥

॥ ਹੀਰ ਕੈਦੋ ਨੂੰ ਮਾਰਦੀ ਹੈ ॥

ਕਾਈ ਮਾਰ ਲੱਤਾਂ ਕਾਈ ਮਾਰ ਛਮਕਾਂ ਕਾਈ ਨਾਲ ਤੁਮਾਚਿਆਂ ਮਾਰਦੀ ਏ ॥ ਕਾਈ ਇਟ ਵੱਟਾ ਜੁੱਤੀ ਵੀਸ ਪੱਥਰ ਕਾਈ ਡੰਡਿਆਂ ਖੂਬ ਗੁਜ਼ਾਰਦੀ ਏ ॥ ਕਾਈ ਪੁਟ ਦਾੜ੍ਹੀ ਚੂਈ ਵਿਚ ਰੋੜ੍ਹੀ ਕੈਦੋ ਪਕੜ ਪੈਰੋਂ ਚੂਈਂ ਮਾਰਦੀ ਏ ॥ ਕੋਈ ਦੇਸ਼ ਨੇ

ਕਾਈ ਮਾਰ ਮੋਹਣੇ ਕਰ ਉਹਲੇ ਦਸਤ ਮੁਬਾਰਕੀਏ ॥ ਜੇਹ ਮਾਹੀਆ ਵੇਖੀਏ ਚਲੋਯਾਰੋ ਵਾਰੇਸ਼ਾਹ ਏਹਤਲਬਸਰਕਾਰ ਦੀਏ ॥ ਧਾੜ ਫੂਨੀਆਂ ਸੁੱਥਣਾਂ ਕੁੜਤੀਆਂ ਨੂੰ ਰੱਖ ਵੱਢਕੇ ਭੀੜਦਾ ਗੇਰਵਾਂਗੂੰ ॥ ਵਿਚਹਿਰੇ ਪਰਵਾਰਜਮੇ ਚੀਰਚਾਇਆ ਚਿਰਦੇ ਪਾਇਲਾਂ ਪਾਂਦੀਆਂ ਮੋਰਵਾਂ ॥ ਸ਼ਾਹੂਕਾਰਦਾ ਮਾਲ ਜਮੇਂ ਵਿੱਚ ਕੋਟਾਂ ਗਿਣਦੇ ਰੋਕੀਆਂ ਫਿਰਨ ਲਾਹੌਰਵਾਂਗੂੰ ॥ ਵਾਰਸਸ਼ਾਹ ਔਰਾਣੀਆਂ ਛਕਦੀਆਂ ਹੈਂ ਇਸਦੀ ਪ੍ਰੀਤ ਹੈ ਚੰਦ ਚਕੋਰ ਵਾਂਗੂੰ ॥

॥ ਕਲਾਮ ਸ਼ਾਇਰ ॥

ਉਸਨੂੰ ਜ਼ਾਹਿਰੇ ਕੁੱਟ ਚਕਚੂਰਕੀਤਾ ਸਜਾਲੀਂ ਲਾਇਕੇ ਪਾਜ ਨਾ ਪਾਈਆਂਨੀ ॥ ਹੱਥੀਂ ਬਾਣ ਮੁਆਤੜੇ ਘਾਹ ਕਾਨੇ ਵਲੇ ਭਾਬੜੇਬਾਲਲੈਆਈਆਂਨੀ ॥ ਝੁਗੀਬਾਲਕੇਮਾੜਕੇ ਛੀਨਭਾਂਡੇ ਕੁੱਕੜ ਕੁੱਕੜੀਆਂ ਢਾ ਭੁਜਾਈਆਂਨੀ ॥ ਝੋਲੀ ਪਾੜਕੇ ਸਾੜਕੇ ਵਤੇ ਪਾਈ ਲੱਗੀਆਂਹੀਰਨੂੰ ਮਿਲਨਭੁਧਾਈਆਂਨੀ ॥ ਜਿਵੇਂ ਸਾੜ ਕਸੂਰ ਤੇ ਮੜੀਆਂਨੂੰ ਅੱਗਾਂਖਾਲਸੇ ਫੂਕਵਖਾਈਆਂਨੀ ॥ ਰੈਜਾਂ ਸ਼ਾਹ ਦੀਆਂ ਵਾਰਸਾ ਮਾਰ ਮਚਾ ਫੇਰ ਦੇਗ ਲਾਹੌਰ ਨੂੰ ਆਈਆਂ ਨੀ ॥

॥ ਕੈਦੋਂ ਪੁਕਾਰਦਾ ਪੁਕਾਰਦਾ ਚੂਚਕ ਵਲ ਗਿਆ ॥

ਕੈਦੋ ਲੱਤਜੀ ਪੰਥਣੀ ਖੂਨਵਿੱਚਿਦਾਕੂਕੇਸ਼ਾਹਕੀਤੇ ਫਰਯਾਦ ਮੀਆਂ ॥ ਮੈਨੂੰ ਚੀਰਨੇ ਮਾਰਕੇ ਚੂਰ ਕੀਤਾ ਪੈਂਚੋਂ ਮਿਆਨਦੀ

ਫੇਹੁ ਖਾਂਦਾ ਦਮੀਆਂ ॥ ਕਰਨੀ ਪਾੜ ਪਾਤਸ਼ਾਹ ਦੇ ਜਾਇ ਕੂਕਾਂ ਮੈਂ ਤਾਂ ਪਾੜ ਸੁਟਾਂ ਮੁਨਿਆਦ ਮੀਆਂ ॥ ਚਲੋ ਝਗੜੀਏ ਬੈਠ ਕੇ ਪਾਸ ਕਾਜ਼ੀ ਏਹ ਗੱਲ ਨਾ ਜਾਇ ਬਰਬਾਦ ਮੀਆਂ ॥ ਮੈਨੂੰ ਬੇਲਨੇ ਮਾਰਿਆ ਸੱਠ ਪਿੱਛੇ ਜ਼ੋਰੀ ਮਾਰਿਆ ਜਿਵੇਂ ਫ਼ਰਿਹਾਦ ਮੀਆਂ ॥ ਵਾਰਸ ਅਹਮਕਾਂ ਨੂੰ ਬਿਨਾ ਫਾਟ ਖਾਧੇ ਨਹੀਂ ਆਉਂਦਾ ਇਸ਼ਕ ਦਾ ਸੁਵਾਦ ਮੀਆਂ ॥

॥ ਕਲਾਮ ਚੂਚਕ ॥

ਚੂਚਕ ਆਖਿਆ ਲੈ ਹਿਆਂ ਜਾਹ ਸਾਥੋਂ ਤੈਨੂੰ ਵੱਲ ਹੈ ਝਗੜਿਆਂ ਝੇੜਿਆਂ ਦਾ ॥ ਸਰਦਾਰ ਹੈਂ ਚੋਰ ਉਚੱਕਿਆਂ ਦਾ ਸੋਹਣਾ ਬੈਠਾ ਹੈਂ ਮਾਨੂਆਂ ਭੇੜਿਆਂ ਦਾ ॥ ਤੇਰਾ ਵੈਰ ਹੈ ਨਾਲ ਇਯਾਲੀਆਂ ਦੇ ਅਤੇ ਵੱਲ ਹੈ ਦਬਦਬੇ ਝੇੜਿਆਂ ਦਾ ॥ ਆਪ ਫੇੜ ਕੇ ਪਿੱਛੋਂ ਦੀ ਫਿਰੇਂ ਰੋਂਦਾ ਏਹੁ ਚੱਜ ਹੈ ਮਾਨੂਆਂ ਭੇੜਿਆਂ ਦਾ ॥ ਵਾਰਸਸ਼ਾਹ ਹੈ ਚੁਗਲ ਦੀ ਸ਼ਕਲ ਕੈਦੋ ਏਹ ਮੂਲ ਹੈ ਸਭ ਬਖੇੜਿਆਂ ਦਾ॥

॥ ਕਲਾਮ ਕੈਦੋ ॥

ਮੈਨੂੰ ਮਾਰ ਕੇ ਉਧਲਾਂ ਮੁੰਜ ਕੀਤਾ ਖੂਹ ਗੀਲਾ ਮੁਆਤੜੇ ਸਾੜੀਆ ਨੇ ॥ ਦੋਰਾ ਭੰਨ ਕੇ ਕੁੱਤ ਕੇ ਸਾੜ ਮੇਰੇ ਧੂਣੀ ਝੋਲੀਆਂ ਫੋਲ ਕੇ ਸਾੜੀਆ ਨੇ ॥ ਕੁੱਕੜ ਕੁੱਤਿਆਂ ਭੰਗ ਅਫ਼ੀਮ ਲੁੱਟੀ ਮੇਰੀ ਛਾਵਣੀ ਚਾ ਉਜਾੜੀਆ ਨੇ ॥ ਧੜ ਵੇਲਣਾ ਮਾਰ ਕੇ ਮੁਲਕ ਲੁੱਟਨ ਮੇਰਾ ਝਗੜਾ ਕੂਦਿਆ ਡਾਰੀਆਂ ਨੇ ॥ ਵਾਰਸਸ਼ਾਹ ਮੈਂ ਲੀਕ ਨੂੰ ਲੀਦਆ ਜੇ ਨਹੀਂ ਭਰਮ ਕੀਤਾ ਦਰਮਾਂ ਮਾਰੀਆਂ ਨੇ ॥

॥ ਕਲਾਮ ਚੂਚਕ ॥

ਚੂਠੀਆਂ ਸੱਚੀਆਂ ਚੁਗਲੀਆਂ ਮੇਲਕੇਜੇ ਘਰੋਘਰੀਤੂੰ ਲੂਤੀਆਂ
ਲਾਵਣਾਹੈਂ ॥ ਪੇਉ ਪੁਤ੍ਰਾਂਨੂੰ ਯਾਰਾਂ ਮਿਤ੍ਰਾਂ ਨੂੰ ਮਾਵਾਂ ਧੀਆਂਨੂੰ
ਧਾੜ ਵਿਖਾਵਣਾਹੈਂ॥ ਤੈਨੂੰ ਬਾਣ ਹੈਬੁਰਾ ਕਮਾਵਣੇ ਦੀਏਵੇਂ
ਟੱਕਰਾਂ ਪਿਆ ਲੜਾਵਣਾਹੈਂ ॥ਪਰੇ ਜਾਹ ਜੱਟਾ ਪਿੱਛਾ ਛੱਡ
ਸਾਡਾ ਏਵੇਂ ਕਾਸਨੂੰ ਜੀਅ ਅਕਾਵਣਾ ਹੈਂ ॥

॥ ਕਲਾਮ ਕੈਦੋ ॥

ਚੂਹੀਰੱਬਦੀ ਜੋ ਨਜਾਉਂ ਕਰੋਪੇ ਹੋਭਰੇਦੇਸ ਵਿਚ ਫਾਵਿਆਂ
ਕਰਿਆਹਾਂ ॥ ਮੁਰਸ਼ਦ ਬਖਸ਼ਿਆਸੀ ਨੂੰਠਾਭਨਿਆਂਨੇ ਧੁਰੋਂ
ਜਨ੍ਹਾਂ ਤੋਂ ਲਾਇਕੇ ਪਵਿਆਹਾਂ ॥ਮੈਂ ਮਾਰਿਆਵੇਖਕੇ ਮੁਲਖ
ਤੇਰੇ ਮੂਏ ਕੁਤੇ ਵਾਂਗੂ ਧੂਹ ਸੁੱਟਿਆ ਹਾਂ॥ ਹੱਡ ਗੋਡੜੇ ਭੰਨਕੇ
ਚੂਰਕੀਤੇ ਅੜੀਦਾਰ ਗੱਧੇ ਵਾਂਗ ਕੁੱਟਿਆ ਹਾਂ ॥ ਵਾਰਸਸ਼ਾਹ
ਨੂੰ ਢਾਢਣੀ ਮਾਰ ਹੋਈ ਰੋਇ ਰੋਇਕੇ ਬਹੁਤ ਨਿਖੁੱਟਿਆਹਾਂ॥

॥ ਪੈਂਚਾਂ ਨੇ ਕੁੜੀਆਂ ਨੂੰ ਸੱਦਿਆ ॥

ਕੁੜੀਆਂ ਸੱਦਕੇ ਪੈਂਚਾਂ ਨੇ ਗੱਲ ਕੀਤੀ ਲਿੰਙਾ ਕਾਸਤੋਂ ਢਾਹਿਕੇ
ਮਾਰਿਆਜੇ॥ਐਸਾ ਖ਼ਾਸ ਗੁਨਾਹ ਤਕਸੀਰ ਕੋਈ ਅਤੇ ਕੋਈ
ਗੁਨਾਹ ਨਿਤਾਰਿਆਜੇ॥ਹਾਲ ਹਾਲ ਕਰਦਾ ਪਰ੍ਹੇ ਵਿਚ ਬੈਠਾ
ਐਡਾ ਕਹਿਰ ਤੇ ਖ਼ੂਨ ਗੁਜ਼ਾਰਿਆ ਜੇ ॥ ਕਹੋ ਕੌਣ ਤਕਸੀਰ
ਫ਼ਕੀਰ ਅੰਦਰ ਫੜ ਚੋਰ ਵਾਂਗੂ ਕੁਟਣਾਰਿਆਜੇ॥ਵਾਰਸਸ਼ਾਹ
ਪੁਛੇ ਇਨ੍ਹਾਂ ਲੜਕੀਆਂ ਨੂੰ ਅੱਗਲਾਇਕੇਛੁੱਗੀਨੂੰਸਾੜਿਆਜੇ॥

॥ ਕਲਾਮ ਕੁੜੀਆਂ ॥

ਮੂੰਹ ਉਂਗਲਾਂ ਘੱਤਕੇ ਕਹਿਨ ਸੱਭੇ ਕਾਰੇ ਕਰਨਤੋਂ ਇਹ ਨਾ ਸੰਗਦਾ ਈ॥ ਸਾਡੇ ਮੰਮਿਆਂ ਤੇ ਨਾਲਿਤੋੜਗੱਲਾਂਪਿਹ ਹੋਇਕੇ ਸੱਕਨਾ ਸੁੰਘਦਾ ਈ ॥ ਸਾਨੂੰ ਕੌੜੀਆਂ ਕਹਿਤੇਆਪਪਿੱਛੋਂ ਛੇੜਦਾ ਚੱਲਿਕੇ ਵਪਦਾ ਰਿੰਗਦਾ ਈ ॥ ਨਾਲੇ ਬੈਨੂਕੇ ਜੋਗ ਨੂੰ ਜੋਇ ਦੇਂਦਾ ਗੁੱਤਾਂ ਬੰਨਪਿੱਛੇਂ ਪਿਆ ਰਿੰਗਦਾ ਈ॥ ਤੇੜੇਂ ਲਾਹਿਕਰ ਹਾਣੀ ਤੇ ਫਿਰੇ ਤੌਂਦਾ ਭੌਂ ਮੂਤਦਾ ਤੇ ਫਿਰੇ ਰਿੰਗਦਾ ਈ ॥ ਵਾਰੇਸ਼ਾਹ ਉਜਾੜਦੇ ਵਿੱਚ ਜਾਕੇ ਫੁਲ ਸਾਡਿਆਂ ਕੰਨਾਂ ਦੇ ਸੁੰਘਦਾ ਈ ॥

॥ ਕਲਾਮ ਪੈਂਚਾਂ ॥

ਆਖੇ ਉਹ ਮੈਨੂੰ ਮਾਰਸਾੜਦਿਆ ਹੱਥ ਗੋਡਣੇ ਛੀਨਕੇ ਚੂਰਕੀਤੇ॥ ਛੁਰੀਸਾੜ ਭਾਂਡੇ ਭੰਨ ਖੇਹਦਾ ਛੀ ਪਗਾੜੀ ਲਾਹਿਕੇ ਪਰੇਪੁਰ ਚੂਰਕੀਤੇ॥ ਦੀਵੇਂ ਪਕੜ ਘਸੀਟਿਆ ਵਿਚਖਾਈ ਤੁਸਾਂ ਆਵਕੇ ਅਲਕ ਹਜ਼ੂਰਕੀਤੇ ॥ ਆਓ ਏਸ ਅਪਰਾਧ ਕੀ ਲਾਇਆ ਜੇ ਹਥ ਪੈਰ ਫ਼ਕੀਰ ਦੇ ਚੂਰ ਕੀਤੇ ॥ ਵਾਰਸਸ਼ਾਹ ਗੁਨਾਹ ਤੋਂ ਪਕੜ ਕਾਫ਼ਰ ਹੱਥ ਪੈਰ ਸਭ ਛੀਨਕੇ ਚੂਰ ਕੀਤੇ ॥

॥ ਕਲਾਮ ਕੁੜੀਆਂ ॥

ਛੱਡ ਘੱਤਿਆ ਵੈਨ ਭਲਾ ਇਕੁਤਾ ਹੂਰਕਾਰਕੇ ਤੁਸੀ ਨਾਮਾਵਰ ਹੋ॥ ਛੁੱਧਾ ਖਾਣੀਆਂ ਅਸਾਂ ਨਹੀਂ ਹੱਥਲਾਇਆ ਇਕਨੀ ਗੱਲ ਨਾ ਤੁਸੀ ਨਿਤਾਰਦੇ ਹੋ ॥ ਫਰਵੇਜੀਆਂ ਮਕਰੀਆਂ ਠਕਰੀਆਂ ਨੂੰ ਮੂੰਹ ਲਾਇਕੇ ਚਾ ਵਿਗਾੜਦੇ ਹੋ ॥ ਮੁਣੀ ਮੁਣੀ ਇਹ ਐਬ

ਅਪਰਾਧ ਪੌਂਦੇ ਧੀਆਂ ਸੱਦਕੇ ਪਰੇ ਵਿਚ ਮਾਰਦੇ ਹੋ॥ ਏਹ ਲੁਚ ਮੁਸ਼ਟੰਡੜਾ ਅਸੀਂ ਕੁੜੀਆਂ ਅਤੇ ਸਚ ਤੇ ਝੂਠ ਨਿਤਾਰਦੇ ਹੋ॥ ਪੁਰਸ਼ ਹੋਇਕੇ ਨੱਢੀਆਂ ਨਾਲ ਘੁਲਦਾ ਤੁਸੀਂ ਗੱਲ ਦੀ ਰਾਹ ਨਿਘਾਰ ਹੋ॥ ਤੁਸੀ ਹੋਰਨਾਂ ਦੀ ਕਹੀ ਸ਼ਰਮ ਰੱਖੋ ਕੁੜੀਆਂ ਆਪਣੀਆਂ ਆਪ ਪੇਤਾਰਦੇ ਹੋ॥ ਵਾਰਸਸ਼ਾਹ ਮੀਆਂ ਮਰਦ ਸਦਾ ਝੂਠੇ ਰੰਨਾਂ ਸੱਚੀਆਂ ਸੱਚ ਕੀਹ ਸਾਰਦੇ ਹੋ॥

॥ ਕਲਾਮ ਕੈਦੋ ॥

ਕੈਦੋ ਆਹੁੜੀ ਤੇ ਫਰਯਾਦ ਕੂਕੇ ਧੀਆਂ ਵਾਲਿਓ ਕਰੋ ਨਿਆਉਂ ਮੀਆਂ॥ ਮੇਰਾ ਹੱਟ ਪਸਾਰੀ ਦਾ ਲੁੱਟਿਆ ਏ ਕੋਲ ਵੇਖਦੇ ਪਿੰਡ ਗਿਰਾਉਂ ਮੀਆਂ॥ ਮੇਰੀ ਹਿੰਗ ਅਫੀਮ ਤੇ ਪੋਸਤ ਲੁੱਟੇ ਹੋਰ ਨਿਆਮਤਾਂ ਦਾ ਕੇਹਾ ਨਾਉਂ ਮੀਆਂ॥ ਮੇਰੀ ਭੁਸਾਂਦੇ ਨਾਲ ਨਾ ਸਝ ਕੋਈ ਮੰਗ ਟੁਕੜੇ ਪਿੰਡ ਦੇ ਖਾਉਂ ਮੀਆਂ॥ ਤੇਤੇ ਬਾਗ਼ ਉਜਾੜਦੇ ਮੇਵਿਆਂ ਦੇ ਤੁਸੀਂ ਪਕੜ ਲਿਆਉ ਦੇ ਕਾਉ ਮੀਆਂ॥ ਵਾਰਸਸ਼ਾਹ ਮੀਆਂ ਵਡੇ ਮਾਲ ਲੁੱਟੇ ਕੇਹੜੇ ਕੇਹੜੇ ਦਾ ਲਵਾਂ ਮੈਂ ਨਾਉਂ ਮੀਆਂ॥

॥ ਕਲਾਮ ਪੈਂਚਾਂ ॥

ਪੈਂਚਾਂ ਆਖਿਆ ਸਬਰ ਤੂੰ ਕਰੀਂ ਮੀਆਂ ਤੈਨੂੰ ਮਾਰਿਆ ਤੇ ਦੁਖ ਸਾਹਿਆ ਨੇ॥ ਹਾਇ ਹਾਇ ਫ਼ਕੀਰ ਤੇ ਕਹਿਰ ਹੋਯਾ ਕੋਈ ਵਡਾ ਹੀ ਜ਼ੁਲਮ ਗੁਜ਼ਾਰਿਆ ਨੇ॥ ਕਪੜੇ ਦੇ ਫਲਾਸੜਾ ਪਾੜ ਅੱਖੀਂ ਕੈਦੋ ਲੰਙੇ ਨੂੰ ਨੰਗਾ ਨਿਤਾਰਿਆ ਨੇ॥ ਕੈਦੋ ਆਖਿਆ

ਧੀਆਂ ਦੀ ਵੱਲ ਹੋਕੇ ਵੇਖੋ ਦੀਨਈਮਾਨ ਨਿਘਾਰਿਆ ਨੇ॥ ਵਾਰਸ ਅੰਧਰਾਜਾ ਤੇ ਬੇਦਾਦਨਗਰੀ ਝੂਠਾ ਦੇਇਦਿਲਾਸੜਾ ਮਾਰਿਆ ਨੇ ॥

॥ ਕਲਾਮ ਕੈਦੋ ॥

ਹਕ ਆਖਿਆ ਅੱਖੀਂ ਵਿਖਾ ਮੈਨੂੰ ਮੁੰਡੀ ਲਾਹ ਸੁਟਾਂ ਏਨਾਂ ਮੁੰਡਿਆਂਦੀ। ਇਕੇਦਿਆਂ ਤ੍ਰਾਹਮੈਂ ਤੁਰਤ ਮਾਹੀਸਾਡੇਦੇਸਨਾਂ ਛਾਉਂਦਗੁੰਡਿਆਂਦੀ ॥ ਮਜਾਨੇਂਖਿਚਸਰੇਹੀਤੇਅਲਖਲਾਹਵਾਂ ਅਸੀ ਨਹੀਂ ਪਨਾਹਿ ਮੁਸ਼ਟੰਡਿਆਂਦੀ ॥ਕੈਦੋ ਆਖਿਆਵੇਖਾਂ ਫੜਾਉਨਾ ਹਾਂ ਭਲਾ ਮਾਇ ਖੜੀ ਏਨਾਂ ਮੁੰਡਿਆਂਦੀ॥ਅੱਖੀਂ ਵੇਖਕੇ ਫੇਰਜੇ ਕਰੇਟਾਲਾ ਤਦੋਂਜਾਨਦਾਮੈਂਪਰੇਬੁੰਡਿਆਂਦੀ॥ ਮੈਥੋਂਨੱਸਕੇਜਾਨਗੇਫੇਰਕਿਥੇਘਰੋਂਜਾਇਫੜਾਂਆਇਮੁੰਡਿਆਂ ਦੀ ॥ਏਸ ਹੀਰਦੇ ਪੁਰਸ਼ਦੀ ਛੁੰਗਾਝਾੜਾਂ ਸੇਲੀ ਵੱਟਸਾਂ ਚਾਕ ਦੇ ਜੁੰਡਿਆਂਦੀ ॥ ਵਾਰਸਸ਼ਾਹ ਮੀਆਂ ਏਥੇ ਖੇਡ ਪੌਂਦੀ ਵੇਖੋ ਬੁਢਿਆਂ ਦੀ ਅਤੇ ਮੁੰਡਿਆਂ ਦੀ ॥

॥ ਕਲਾਮ ਕੈਦੋ ॥

ਕੈਦੋ ਆਖਿਆ ਜੀਉਤਦਬੀਰਕਰਕੇਏਹੁਜੂਹ ਵਿੱਚਜਾਇਕੇ ਘੇਰਦੇਨੀ॥ਮੇਰੇਆਖਿਆਂ ਧੀਆਂਨੂੰਨਾਹਿ ਮਾਰਨ ਪਿੰਡ ਕੌਨ ਸਾਡੇ ਖੂਨ ਭੇੜਦੇਨੀ ॥ ਵੇਲਾਤੱਕਕੇਜੰਗਲੇ ਵਿਚ ਆਇਆ ਵੇਖ ਏਹੁ ਕਾਰੇ ਇਸ ਛੇੜਦ ਨੀ॥ ਵਾਰਸਸ਼ਾਹ ਪਰਾਈਆਂ ਛੁਗੀਆਂ ਨੂੰ ਅੱਗ ਲਾਇ ਕੈਦੋ ਚੌਹੀ ਸੇਕਦੇ ਨੀ ॥